ਸਲਾਇਟ ਵਿਖੇ ਵਿਜੀਲੈਂਸ ਜਾਗਰੂਕਤਾ ਹਫਤੇ ਦੀ ਸ਼ੁਰੂਆਤ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 2 ਨਵੰਬਰ :

ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ (ਸਲਾਇਟ) ਵਿਖੇ ਵਿਜੀਲੈਂਸ ਜਾਗਰੂਕਤਾ ਹਫਤੇ ਦੀ ਸੁਰੂਆਤ ਕਰਦੇ ਹੋਏ, ਇੰਸਟੀਚਿਊਟ ਦੇ ਡਾਇਰੈਕਟਰ ਪ੍ਰੋ: ਸੈਲੇਂਦਰ ਜੈਨ ਨੇ ਫੈਕਲਟੀ, ਸਟਾਫ ਅਤੇ ਵਿਦਿਆਰਥੀਆਂ ਨੂੰ "ਭ੍ਰਿਸ਼ਟਾਚਾਰ ਮੁਕਤ ਭਾਰਤ ਇੱਕ ਵਿਕਸਤ ਰਾਸਟਰ" ਅਤੇ "ਰਾਸਟਰੀ ਏਕਤਾ ਦਿਵਸ ਦੀ ਸਹੁੰ" ਦੇ ਸੰਕਲਪ ਨਾਲ ਅਖੰਡਤਾ ਦੀ ਸਹੁੰ ਚੁਕਾਈ। ਉਨ੍ਹਾਂ ਮਹਾਨ ਸੁਤੰਤਰਤਾ ਸੈਨਾਨੀ ਸਰਦਾਰ ਵੱਲਭ ਭਾਈ ਪਟੇਲ ਦੀ 147ਵੀਂ ਜਯੰਤੀ ਅਤੇ "ਰਾਸਟਰੀ ਏਕਤਾ ਦਿਵਸ" ਦੇ ਮੌਕੇ 'ਤੇ ਬੋਲਦਿਆਂ ਡਾਇਰੈਕਟਰ ਨੇ ਸਾਰੇ ਕਰਮਚਾਰੀਆਂ ਨੂੰ ਆਪਣੇ ਕੰਮਾਂ ਲਈ ਸੁਚੇਤ, ਪਾਰਦਰਸੀ ਅਤੇ ਜਵਾਬਦੇਹ ਰਹਿਣ ਦੀ ਅਪੀਲ ਕੀਤੀ। ਭਾਰਤ ਦੇ ਲੋਹ ਪੁਰਸ ਸਰਦਾਰ ਪਟੇਲ ਦੀਆਂ ਕਦਰਾਂ-ਕੀਮਤਾਂ ਅਤੇ ਕਦਰਾਂ-ਕੀਮਤਾਂ ਨੂੰ ਯਾਦ ਕਰਦੇ ਹੋਏ, ਉਨ੍ਹਾਂ ਕਿਹਾ ਕਿ ਸਲਾਇਟ ਸੰਸਥਾ ਹਮੇਸਾ ਨੈਤਿਕਤਾ ਅਤੇ ਇਮਾਨਦਾਰੀ ਨਾਲ ਉੱਤਮਤਾ ਪ੍ਰਾਪਤ ਕਰਨ ਦੀ ਕੋਸ਼ਿਸ ਕਰਦੀ ਹੈ ਅਤੇ ਸਰਦਾਰ ਪਟੇਲ ਦੁਆਰਾ ਦਰਸਾਏ ਮਾਰਗ 'ਤੇ ਚੱਲਦੀ ਰਹੇਗੀ। ਇਸ ਮੌਕੇ ਸ. ਸੁਖਿੰਦਰ ਸਿੰਘ ਪੂਨੀਆ, ਸੀਨੀਅਰ ਫਿਜੀਕਲ ਇੰਸਟ੍ਰਕਟਰ ਅਤੇ ਪ੍ਰੋ: ਅਜੈ ਪਾਲ ਸਿੰਘ ਦੀ ਨਿਗਰਾਨੀ ਹੇਠ "ਏਕਤਾ ਲਈ ਦੌੜ" ਦਾ ਆਯੋਜਨ ਵੀ ਕੀਤਾ ਗਿਆ ਤੇ ਸਾਰੇ ਪ੍ਰਤੀਯੋਗੀਆਂ ਨੂੰ ਰਿਫਰੈਸਮੈਂਟ ਦਿੱਤੀ ਗਈ। ਸਲਾਇਟ ਵਿਖੇ ਮਨਾਏ ਜਾ ਰਹੇ ਇਸ ਵਿਜੀਲੈਂਸ ਜਾਗਰੂਕਤਾ ਹਫਤੇ ਦੌਰਾਨ, "ਵਿਕਸਤ ਰਾਸਟਰ ਲਈ ਭ੍ਰਿਸ਼ਟਾਚਾਰ ਮੁਕਤ ਭਾਰਤ" ਵਿਸੇ 'ਤੇ ਸੈਮੀਨਾਰ ਤੋਂ ਬਾਅਦ ਪੋਸਟਰ ਪੇਸਕਾਰੀਆਂ, ਚਰਚਾ, ਸਮੂਹ ਚਰਚਾਵਾਂ, ਲੇਖ ਲਿਖਣ ਮੁਕਾਬਲੇ, ਕੁਇਜ ਮੁਕਾਬਲੇ ਵਰਗੀਆਂ ਕਈ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਵੇਗਾ ਤੇ ਇਨ੍ਹਾਂ ਸਾਰੀਆਂ ਗਤੀਵਿਧੀਆਂ ਦਾ ਆਯੋਜਨ ਪ੍ਰੋ. ਪਰਦੀਪ ਕੁਮਾਰ ਜੈਨ ਚੀਫ ਵਿਜੀਲੈਂਸ ਅਫਸਰ, ਪ੍ਰੋ: ਪਰਵੀਨ ਕੌਰ ਖੰਨਾ ਅਤੇ ਡਾ: ਮਨਦੀਪ ਘਈ ਦੀ ਅਗਵਾਈ ਹੇਠ ਕੀਤਾ ਜਾਵੇਗਾ।

ਡੇਂਗੂ ਦੇ ਖਤਰਿਆਂ ਸਬੰਧੀ ਲੋਕਾ ਨੂੰ ਕੀਤਾ ਜਾਗਰੁਕ : ਡਾ. ਸਤਵੰਤ ਸਿੰਘ ਔਜਲਾ

ਆਜ਼ਾਦ ਸੋਚ, ਸਰਾਜ ਘਨੌਰ, ਧਨੌਲਾ, 2 ਨਵੰਬਰ :

ਅੱਜ ਸਿਵਲ ਸਰਜਨ ਡਾ.ਜਸਬੀਰ ਸਿੰਘ ਔਲਖ ਜੀ ਦੀਆਂ ਹਦਾਇਤਾਂ ਅਨੁਸਾਰ ਐਸ ਐਮ ਓ ਧਨੌਲਾ ਡਾ.ਸਤਵੰਤ ਸਿੰਘ ਔਜਲਾ ਦੀ ਯੋਗ ਰਹਿਨੁਮਾਈ ਹੇਠ ਬਲਾਕ ਧਨੌਲਾ ਦੇ ਸਾਰੇ ਪਿੰਡਾਂ ਵਿਚ ਡੇਂਗੂ ਡੇਂਗੂ ਸਬੰਧੀ ਗਤੀਵਿਧੀਆਂ ਜਾਰੀ ਹਨ । ਇਸ ਸਮੇਂ ਬਲਾਕ ਐਜੂਕੇਟਰ ਬਲਰਾਜ ਸਿੰਘ ਕਾਲੇਕੇ ਨੇ ਦੱਸਿਆ ਬਲਾਕ ਧਨੌਲਾ ਅਧੀਨ 64ਪਿੰਡ ਆਉਂਦੇ ਹਨ ਇਨ੍ਹਾਂ ਸਾਰੇ ਪਿੰਡਾਂ ਵਿੱਚ ਸਾਡੇ ਸਿਹਤ ਮਹਿਕਮੇ ਦੇ ਹੈਲਥ ਵਰਕਰ ਘਰੋ ਘਰੀ ਜਾ ਕੇ ਲੋਕਾਂ ਨੂੰ ਡੇਂਗੂ ਦੇ ਖਤਰਿਆਂ ਸਬੰਧੀ ਜਾਗਰੂਕ ਕਰ ਰਹੇ ਹਨ । ਇਸ ਸੰਬੰਧੀ ਸਿਹਤ ਮੁਲਾਜਮ ਲੋਕਾਂ ਨੂੰ ਜਾ ਕੇ ਡੇਂਗੂ ਦੇ ਖਤਰਿਆਂ ਇਸ ਤੋਂ ਬਚਾਓ ਅਤੇ ਲੱਛਣਾਂ ਸੰਬੰਧੀ ਜਾਗਰੂਕ ਕਰ ਰਹੇ ਹਨ ।ਲੋਕਾਂ ਨੂੰ ਇਸ ਗੱਲ ਤੋਂ ਤਿਆਰ ਕੀਤਾ ਜਾ ਰਿਹਾ ਹੈ ਇਕ ਰਾਤ ਨੂੰ ਬੁਖਾਰ ਹੋ ਰਿਹਾ ਹੈ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ ਘਰਾਂ ਵਿੱਚ ਪਾਣੀ ਨਾ ਖੜ੍ਹਨ ਦਿਓ ਘਰਾਂ ਵਿੱਚ ਪਏ ਪੁਰਾਣੇ ਸਾਮਾਨ ਵਿੱਚ ਕਿਤੇ ਵੀ ਪਾਣੀ ਨਹੀਂ ਖੜ੍ਹਾ ਹੋਣਾ ਚਾਹੀਦਾ ਤਾਂ ਜੋ ਡੇਂਗੂ ਦੇ ਮੱਛਰ ਤੋਂ ਬਚਿਆ ਜਾ ਸਕੇ ਧਨੌਲਾ ਤੇ ਹੰਡਿਆਇਆ ਵਿੱਚ ਬਰੀਡਰ ਚੈਕਰ ਰੱਖੇ ਹੋਏ ਹਨ ਇਹ ਚੈਕਰ ਘਰੋ ਘਰੀ ਜਾ ਕੇ ਡੇਂਗੂ ਦਾ ਲਾਰਵਾ ਚੈੱਕ ਕਰਦੇ ਹਨ ।ਸਮੂਹ ਹੈਲਥ ਵਰਕਰ ਸੁਪਰਵਾਈਜਰ ਇਸ ਪ੍ਰੋਗਰਾਮ ਦੀ ਸੁਪਰਵੀਜਨ ਕਰ ਰਹੇ ਹਨ ਉਨ੍ਹਾਂ ਦੱਸਿਆ ਸਾਨੂੰ ਇਸ ਦਾ ਇਲਾਜ ਸਰਕਾਰੀ ਹਸਪਤਾਲਾਂ ਵਿਚ ਕਰਾਉਣਾ ਚਾਹੀਦਾ ਹੈ ਸਰਕਾਰੀ ਹਸਪਤਾਲਾਂ ਵਿੱਚ ਇਸਦਾ ਇਲਾਜ ਉਪਲੱਬਧ ਹੈ ਇਸ ਸਮੇ ਜਗਰਾਜ ਸਿੰਘ ,ਪਰਮਿੰਦਰ ਸਿੰਘ ,ਲਖਵਿੰਦਰ ਸਿੰਘ ,ਰਮਨਦੀਪ ਸਿੰਘ ,ਹਾਜਰ ਸਨ

ਪੰਜਾਬ ਪਬਲਿਕ ਸਕੂਲ ਨੇ ਆਲ ਇੰਡੀਆ ਆਈ.ਪੀ.ਐੱਸ.ਸੀ. ਐਥਲੈਟਿਕ ਟਰਾਫੀ ਜਿੱਤੀ, ਦੂਨ ਸਕੂਲ ਉਪ ਜੇਤੂ ਰਿਹਾ

ਆਜ਼ਾਦ ਸੋਚ, ਅਮਿਤ ਮੋਦੀ, ਨਾਭਾ, 2 ਨਵੰਬਰ :

57ਵੀਂ ਆਲ ਇੰਡੀਆ ਆਈ. ਪੀ. ਐੱਸ. ਸੀ. ਅਥਲੈਟਿਕ ਚੈਂਪੀਅਨਸ਼ਿਪ ਅੱਜ ਪੀਪੀਐਸ ਨਾਭਾ ਵਿਖੇ ਸਮਾਪਤ ਹੋ ਗਈ। ਜਿਸ ਵਿਚ ਪੰਜ ਸੌ ਤੋਂ ਵੱਧ ਅਥਲੀਟਾਂ ਨੇ ਭਾਗ ਲਿਆ। ਭਾਰਤ ਦੇ ਕੋਨੇ ਕੋਨੇ ਤੋਂ 25 ਨਾਮਵਰ ਪਬਲਿਕ ਸਕੂਲਾਂ ਦੇ ਐਥਲੀਟ ਇਸ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਲਈ ਪਹੁੰਚੇ ਸਨ। ਤਿੰਨ ਦਿਨਾਂ ਅਥਲੈਟਿਕ ਮੀਟ ਦੇ ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਦੀ ਭੂਮਿਕਾ ਡਾ ਇੰਦਰਬੀਰ ਸਿੰਘ ਨਿੱਝਰ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਨੇ ਨਿਭਾਈ । ਡਾ ਨਿੱਝਰ ਪੰਜਾਬ ਪਬਲਿਕ ਸਕੂਲ ਨਾਭਾ ਦੇ ਪੁਰਾਣੇ ਵਿਦਿਆਰਥੀ ਵੀ ਹਨ ।ਲੜਕਿਆਂ ਦੇ ਵਰਗ ਵਿੱਚ ਓਵਰਆਲ ਟਰਾਫੀ ਪੰਜਾਬ ਪਬਲਿਕ ਸਕੂਲ ਨੇ ਜਿੱਤੀ ਅਤੇ ਦੂਨ ਸਕੂਲ ਦੇਹਰਾਦੂਨ ਉਪ ਜੇਤੂ ਰਿਹਾ। ਲੜਕੀਆਂ ਦੇ ਵਰਗ ਵਿੱਚ ਓਵਰਆਲ ਟਰਾਫੀ ਐਮ.ਐਨ. ਐਸ.ਐਸ. ਰਾਏ ਨੇ ਜਿੱਤੀ ਅਤੇ ਲਾਰੈਂਸ ਸਕੂਲ ਊਟੀ ਉਪ ਜੇਤੂ ਰਿਹਾ । ਲੜਕਿਆਂ ਦੇ ਵਰਗ ਵਿਚ ਮਿਓ ਕਾਲਜ ਅਜਮੇਰ ਦੇ ਅਭੀਜੇ ਸਿੰਘ ਅਤੇ ਐਮ.ਐਨ.ਐਸ.ਐਸ. ਰਾਏ ਦੇ ਦਿਨੇਸ ਨੂੰ ਸਾਂਝੇ ਤੌਰ ਤੇ ਸਰਬੋਤਮ ਐਥਲੀਟ ਐਲਾਨਿਆ ਗਿਆ। ਲੜਕੀਆਂ ਦੇ ਵਰਗ ਵਿੱਚ ਆਰ ਕੇ ਕੀ ਜੀ ਐਸ ਜੋਧਪੁਰ ਦੀ ਪੂਜਾ ਬਿਸਨੋਈ ਅਤੇ ਲਾਰੈਂਸ ਸਕੂਲ ਊਟੀ ਤੋਂ ਅਦਵੈਤਾ ਨੂੰ ਸਾਂਝੇ ਤੌਰ ਤੇ ਸਰਵੋਤਮ ਐਥਲੀਟ ਚੁਣਿਆ ਗਿਆ। ਮਾਰਚ ਪਾਸਟ ਟਰਾਫੀ ਵੀ ਵੈਲਮ ਬੁਆਇਜ ਸਕੂਲ ਅਤੇ ਕਿੱਤੂਰ ਰਾਣੀ ਚਨੰਮਾ ਸਕੂਲ ਵਿਚਕਾਰ ਸਾਂਝੀ ਰਹੀ । ਮੁੱਖ ਮਹਿਮਾਨ ਨੇ ਵੱਖ ਵੱਖ ਖੇਤਰਾਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਮੈਡਲਾਂ ਅਤੇ ਸਰਟੀਫਿਕੇਟ ਦੇ ਕੇ ਨਿਵਾਜਿਆ। ਇਸ ਮੌਕੇ ਬੋਲਦਿਆਂ ਮੁੱਖ ਮਹਿਮਾਨ ਡਾ ਨਿੱਝਰ ਨੇ ਹੈਡਮਾਸਟਰ, ਸਟਾਫ ਅਤੇ ਪੀਪੀਐਸ ਨਾਭਾ ਦੇ ਵਿਦਿਆਰਥੀਆਂ ਦੀ ਇਸ ਅਥਲੈਟਿਕ ਮੀਟ ਦੇ ਸਫਲ ਆਯੋਜਨ ਲਈ ਭਰਪੂਰ ਸਲਾਘਾ ਕੀਤੀ।ਉਨ੍ਹਾਂ ਨੇ ਅਥਲੀਟਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਉਹ ਆਪਣੇ ਸੁਪਨਿਆਂ ਦਾ ਪਿੱਛਾ ਕਰਨ ਅਤੇ ਬੁਲੰਦੀਆਂ ਨੂੰ ਛੂਹਣ । ਇਹ ਅਥਲੈਟਿਕ ਮੀਟ ਐਨ.ਐਸ. ਐਨ. ਆਈ. ਐਸ. ਪਟਿਆਲਾ ਦੇ ਸਹਿਯੋਗ ਨਾਲ ਨੇਪਰੇ ਚੜ੍ਹੀ । ਸਮਾਗਮ ਦੇ ਅੰਤ ਵਿੱਚ ਹੈਡਮਾਸਟਰ ਡਾ ਡੀ ਸੀ ਸਰਮਾ ਨੇ ਡਾ ਨਿੱਝਰ ਅਤੇ ਆਏ ਹੋਏ ਹੋਰ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ।

ਮਾਊਂਟ ਲਿਟਰਾ ਜੀ ਸਕੂਲ ਰਾਮਪੁਰਾ ਵਿਖੇ ਹੈਲੋਵੀਨ ਪਾਰਟੀ ਦਾ ਆਯੋਜਨ

ਆਜ਼ਾਦ ਸੋਚ, ਰਜਨੀਸ਼ ਕਰਕਰਾ, ਰਾਮਪੁਰਾ ਫੂਲ, 2 ਨਵੰਬਰ :

ਐਫੀਲੀਏਟਿਡ ਮਾਊਂਟ ਲਿਟਰਾ ਜੀ ਸਕੂਲ ਵਿੱਚ ਬੱਚਿਆਂ ਦੇ ਭਵਿੱਖ ਨੂੰ ਉਜਵਲ ਬਣਾਉਣ ਲਈ ਹਰ ਰੋਜ ਕੋਈ ਨਾ ਕੋਈ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਬੱਚੇ ਜੀਵਨ ਮਾਰਗ 'ਤੇ ਅੱਗੇ ਵੱਧ ਸਕਣ।ਅਤੇ ਕਾਮਯਾਬੀ ਹਾਸਲ ਕਰ ਸਕਣ। ਇਸ ਕਾਰਨ ਸਕੂਲ ਵਿੱਚ ਹੈਲੋਵੀਨ ਡੇਅ ਮੌਕੇ ਹੈਲੋਵੀਨ ਪਾਰਟੀ ਦਾਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ। ਜਿਸ ਵਿੱਚ ਨਰਸਰੀ, ਜੂਨੀਅਰ ਕੇ.ਜੀ ਅਤੇ ਸੀਨੀਅਰ ਕੇ.ਜੀ ਦੇ ਬੱਚੇ ਵੱਖ-ਵੱਖ ਡਰਾਉਣੇ ਭੇਸ ਵਿੱਚ ਸਕੂਲ ਪਹੁੰਚੇ. ਇਸ ਮੌਕੇ ਜੂਨੀਅਰ ਕੇ.ਜੀ ਦੇ ਬੱਚਿਆਂ ਵੱਲੋਂ ਚੰਗੇ ਵਿਚਾਰ ਪੇਸ ਕੀਤੇ ਗਏ। ਇਸ ਤੋਂ ਬਾਅਦ ਸੀਨੀਅਰ ਕੇ.ਜੀ ਦੇ ਬੱਚਿਆਂ ਨੇ ਹੈਲੋਵੀਨ ਬਾਰੇ ਦੱਸਦੇ ਹੋਏ ਆਪਣੀਆਂ ਕਵਿਤਾਵਾਂ ਪੇਸ ਕੀਤੀਆਂ। ਸੀਨੀਅਰ ਕੇ.ਜੀ ਦੇ ਬੱਚਿਆਂ ਨੇ ਬਹੁਤ ਹੀ ਖੂਬਸੂਰਤ ਅਤੇ ਸਲਾਹੁਣਯੋਗ ਡਾਂਸ ਪੇਸ ਕੀਤਾ. ਇਸ ਤੋਂ ਬਾਅਦ ਨਰਸਰੀ, ਜੂਨੀਅਰ ਕੇ.ਜੀ ਅਤੇ ਸੀਨੀਅਰ ਕੇ.ਜੀ ਦੇ ਬੱਚਿਆਂ ਲਈ ਮਨੋਰੰਜਕ ਖੇਡਾਂ ਕਰਵਾਈਆਂ ਗਈਆਂ ਜਿਸ ਵਿੱਚ ਬੱਚਿਆਂ ਨੇ ਆਪਣੀ ਵਧੀਆ ਕਾਬਲੀਅਤ ਦਾ ਪ੍ਰਦਰਸਨ ਕੀਤਾ। ਇਸ ਮੌਕੇ ਹੈਲੋਵੀਨ ਦੇ ਰਿਵਾਜ ਅਨੁਸਾਰ ਬੱਚਿਆਂ ਨੂੰ ਕੈਂਡੀਜ ਵੰਡੀਆਂ ਗਈਆਂ ਅਤੇ ਬੱਚਿਆਂ ਨੂੰ ਖੁੱਲ੍ਹਾ ਡਾਂਸ ਵੀ ਕਰਵਾਇਆ ਗਿਆ। ਜਿਸ ਦਾ ਬੱਚਿਆਂ ਨੇ ਖੂਬ ਆਨੰਦ ਲਿਆ। ਇਸ ਮੌਕੇ ਸਕੂਲ ਦੇ ਪ੍ਰਧਾਨ ਸ੍ਰੀ ਗਗਨ ਬਾਂਸਲ ਜੀ, ਜਨਰਲ ਸਕੱਤਰ ਸ੍ਰੀ ਨਮਿਤਾ ਬਾਂਸਲ ਜੀ ਅਤੇ ਪ੍ਰਿੰਸੀਪਲਸ੍ਰੀ ਮਤੀ ਗੀਤਾ ਪਿੱਲੇ ਜੀ ਨੇ ਦੱਸਿਆ ਕਿ ਬੱਚਿਆਂ ਵਿੱਚ ਹਰ ਪ੍ਰਕਾਰ ਦੀਆਂ ਕਾਬਲੀਅਤਾਂ ਨੂੰ ਉਜਾਗਰ ਕਰਨ ਲਈ ਅਤੇ ਹਰ ਮਹੱਤਵਪੂਰਨ ਦਿਨ ਦੀ ਪੂਰੀ ਜਾਣਕਾਰੀ ਦੇਣ ਲਈ ਸਕੂਲ ਵੱਲੋਂ ਅਜਿਹੀਆਂ ਗਤੀਵਿਧੀਆਂ ਹਮੇਸਾ ਕਰਵਾਈਆਂ ਜਾਣਗੀਆਂ ਤਾਂ ਜੋ ਬੱਚਿਆਂ ਨੂੰ ਹਰਫਨਮੌਲਾ ਬਣਾਇਆ ਜਾ ਸਕੇ।

ਚਹੇਤੇ ਅਧਿਆਪਕਾਂ ਦੀਆਂ ਵਿਸ਼ੇਸ਼ ਬਦਲੀਆਂ ਸਰਕਾਰ ਨੇ ਨਿਯਮਾਂ ਨੂੰ ਛਿੱਕੇ ਟੰਗਿਆ : ਡੀ.ਟੀ.ਐਫ

ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 2 ਨਵੰਬਰ :

ਵੱਡਾ ਬਦਲਾਅ ਕਰਨ ਅਤੇ ਸਾਰਿਆਂ ਨਾਲ ਬਰਾਬਰ ਦਾ ਵਰਤਾਓ ਕਰਨ ਦਾ ਵਾਅਦਾ ਕਰਕੇ ਹੋਂਦ ਵਿਚ ਆਈ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਨੇ ਆਨ ਲਾਈਨ ਬਦਲੀਆਂ ਦੀ ਬਣਾਈ ਨੀਤੀ ਨੂੰ ਦਰ ਕਿਨਾਰ ਕਰਦਿਆਂ ਨੌਕਰਸ਼ਾਹੀ ਵਿਚ ਵਿਸ਼ੇਸ਼ ਪ੍ਰਭਾਵ ਰੱਖਣ ਵਾਲਿਆਂ ਅਤੇ ਆਪਣੇ ਕੁਝ ਖਾਸ ਚਹੇਤਿਆਂ ਦੇ ਡੈਪੂਟੇਸ਼ ਲਗਾ ਕੇ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਦਿੱਤਾ ਹੈ। ਆਪ ਸਰਕਾਰ ਉੱਪਰ ਉਕਤ ਦੋਸ਼ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਫ਼ਰੀਦਕੋਟ ਦੇ ਜ਼ਿਲਾ ਪ੍ਰਧਾਨ ਸੁਖਵਿੰਦਰ ਸਿੰਘ ਸੁੱਖੀ ਅਤੇ ਜਨਰਲ ਸਕੱਤਰ ਗਗਨ ਪਾਹਵਾ ਨੇ ਜਾਰੀ ਪ੍ਰੈਸ ਬਿਆਨ ਰਾਂਹੀ ਲਗਾਇਆ। ਅਧਿਆਪਕ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀ ਸਿਫ਼ਾਰਸ਼ ਦਾ ਹਵਾਲਾ ਦੇ ਕੇ ਇੱਕ ਜੱਜ ਦੀ ਪਤਨੀ ਸੁਖਮੰਦਰ ਕੌਰ ਅੰਗਰੇਜੀ ਮਿਸਟ੍ਰੈਸ ਦੀ ਜਲੰਧਰ ਤੋਂ ਹੁਸ਼ਿਆਰਪੁਰ ਦੀ ਬਦਲੀ ਕਰਕੇ ਅਤੇ ਡਿੰਪਲ ਮੈਥ ਮਿਸਟ੍ਰੈਸ ਦੀ ਤਰਨਤਾਰਨ ਤੋਂ ਮਾਨਸਾ, ਰੀਤੂ ਬਾਲਾ ਹਿੰਦੀ ਮਿਸਟ੍ਰੈਸ ਦੀ ਤਰਨਤਾਰਨ ਤੋਂ ਫ਼ਰੀਦਕੋਟ ਅਤੇ ਬਲਤੇਜ ਸਿੰਘ ਏ.ਸੀ.ਟੀ ਦੀ ਡਾਇਟ ਬੁੱਢਲਾਡਾ ਤੋਂ ਸਰਕਾਰੀ ਹਾਈ ਸਕੂਲ ਮੱਲ ਸਿੰਘ ਵਾਲਾ ਅਤੇ ਕੁਲਵਿੰਦਰ ਸਿੰਘ ਦੀ ਡਾਇਟ ਸੰਗਰੂਰ ਤੋਂ ਮਾਸਟਰ ਕਰਤਾਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਵਾਨੀਗੜ (ਲੜਕੇ) ਸੰਗਰੂਰ ਵਿਖੇ ਆਰਜੀ ਡਿਊਟੀ ਲਗਾ ਕੇ ਬਹੁਤ ਵੱਡਾ ਬਦਲਾਅ ਕਰਨ ਦਾ ਅਨੋਖਾ ਕਾਰਨਾਮਾ ਕਰ ਵਿਖਾਇਆ। ਅਜਿਹਾ ਕਰਕੇ ਸਰਕਾਰ ਨੇ ਆਪਣੇ ਘਰਾਂ ਤੋਂ 200 ਕਿਲੋਮੀਟਰ ਦੂਰ ਬੈਠੇ ਅਨੇਕਾਂ ਬਦਲੀ ਕਰਵਾਉਣ ਦੇ ਚਾਹਵਾਨ ਅਧਿਆਪਕਾਂ ਦੀਆਂ ਇਛਾਵਾਂ 'ਤੇ ਪਾਣੀ ਫੇਰ ਦਿੱਤਾ, ਜੋ ਅਨੇਕਾਂ ਮੁਸ਼ਕਿਲਾਂ ਦਾ ਸ਼ਾਹਮਣਾ ਕਰਕੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਉਨਾਂ ਮੰਗ ਕੀਤੀ ਕਿ ਸਿਫ਼ਾਰਸ਼ੀ ਕੀਤੀਆਂ ਬਦਲੀਆਂ ਤੁਰੰਤ ਰੱਦ ਕੀਤੀਆਂ ਜਾਣ, ਆਨ ਲਾਈਨ ਬਦਲੀ ਨੀਤੀ ਤਹਿਤ ਕੀਤੀਆਂ ਬਦਲੀਆਂ ਦੇ ਅੰਕ ਜਨਤਕ ਕੀਤੇ ਜਾਣ, ਘਰਾਂ ਤੋਂ ਦੂਰ ਬੈਠੀਆਂ ਕੁਆਰੀਆਂ ਲੜਕੀਆਂ ਅਤੇ ਛੋਟੇ ਬੱਚਿਆਂ ਦੀਆਂ ਮਾਵਾਂ ਦੀਆਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਉਨਾਂ ਦੀਆਂ ਵਿਸ਼ੇਸ਼ ਬਦਲੀਆਂ ਉਨਾਂ ਦੇ ਜ਼ਿਲਿਆ ਵਿਚ ਖਾਲੀ ਅਸਾਮੀਆਂ 'ਤੇ ਕਰਕੇ ਸਹੀ ਅਰਥਾਂ ਵਿਚ ਆਮ ਲੋਕਾਂ ਦੀ ਸਰਕਾਰ ਦਾ ਪ੍ਰਮਾਣ ਦਿੱਤਾ ਜਾਵੇ।

ਬੋਪੁਰ ਸਕੂਲ ਦੇ ਇੰਚਾਰਜ ਤਰਸੇਮ ਗੁਲਾੜੀ ਦਾ ਬਲਾਕ ਪੱਧਰੀ ਸਮਾਗਮ ਦੌਰਾਨ ਸਨਮਾਨ

ਆਜ਼ਾਦ ਸੋਚ, ਬਹਾਦਰ ਸਿੰਘ ਵੜੈਚ, ਅਨਮੋਲਪ੍ਰੀਤ ਸਿੰਘ, ਖਨੌਰੀ, 2 ਨਵੰਬਰ :

ਬੀਤੇ ਦਿਨੀਂ ਸਿੱਖਿਆ ਵਿਭਾਗ ਦੀਆਂ ਹਿਦਾਇਤਾਂ ਅਨੁਸਾਰ ਬਲਾਕ ਨੋਡਲ ਅਫਸਰ ਮੂਨਕ ਪ੍ਰਿੰਸੀਪਲ ਜਿਤਵੇਸ਼ ਕੁਮਾਰ, ਅੰਗਰੇਜੀ/ਸ.ਸ.ਦੇ ਮੂਨਕ ਬਲਾਕ ਮੈਂਟਰ ਕੁਲਵਿੰਦਰ ਸੇਖੋਂ ਦੀ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੰਡਵੀ ਵਿਖੇ ਸਕੂਲ ਪ੍ਰਿੰਸੀਪਲ ਪ੍ਰਦੀਪ ਕੁਮਾਰ ਸ਼ਰਮਾ ਜੀ ਦੇ ਸਰਵਸ਼੍ਰੇਸ਼ਠ ਪ੍ਰਬੰਧ ਅਧੀਨ ਬਲਾਕ ਪੱਧਰੀ ਅੰਗਰੇਜੀ ਵਿਸ਼ੇ ਨਾਲ ਸਬੰਧਿਤ *ਸੋ ਐਂਡ ਟੈੱਲ ਐਕਟੀਵਿਟੀ* ਮੁਕਾਬਲਾ ਸਫਲਤਾਪੂਰਵਕ ਕਰਵਾਇਆ ਗਿਆ।ਮੂਨਕ ਬਲਾਕ ਦੇ ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਦੇ ਬਲਾਕ ਮੈਂਟਰ ਕੁਲਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਾਕ ਪੱਧਰੀ ਇਸ ਸਮਾਗਮ ਦੌਰਾਨ ਜੇਤੂ ਬੱਚਿਆਂ ਅਤੇ ਹੋਰ ਸਹਿਯੋਗੀ ਅਧਿਆਪਕਾਂ ਦੇ ਸਨਮਾਨ ਤੋਂ ਇਲਾਵਾ ਸਰਕਾਰੀ ਮਿਡਲ ਸਕੂਲ ਬੋਪੁਰ ਦੇ ਇੰਚਾਰਜ ਤਰਸੇਮ ਸਿੰਘ ਦਾ ਵੀ ਵਿਸ਼ੇਸ਼ ਤੌਰ ਤੇ ਮੀਡੀਆ ਕੋਆਰਡੀਨੇਟਰ ਦੇ ਤੌਰ ਤੇ ਵਧੀਆ ਭੂਮਿਕਾ ਨਿਭਾਉਣ ਕਾਰਨ ਪ੍ਰਿੰਸੀਪਲ ਮੰਡਵੀ,ਪ੍ਰਿੰਸੀਪਲ ਮੂਨਕ, ਬੀ.ਐਮ.ਸਾਹਿਬਾਨਾਂ ਮੂਨਕ,ਬਲਾਕ ਨੋਡਲ ਅਫਸਰ ਮੂਨਕ ਆਦਿ ਦੁਆਰਾ ਪ੍ਰਸ਼ੰਸ਼ਾ ਪੱਤਰ ਦਿੰਦਿਆਂ ਸਨਮਾਨ ਕੀਤਾ ਗਿਆ।ਹੋਰ ਜ਼ਿਆਦਾ ਜਾਣਕਾਰੀ ਦਿੰਦਿਆਂ ਸਮਾਰਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੰਡਵੀ ਦੇ ਮਿਹਨਤੀ ਪ੍ਰਿੰਸੀਪਲ ਪ੍ਰਦੀਪ ਕੁਮਾਰ ਸ਼ਰਮਾ ਨੇ ਦੱਸਿਆ ਕਿ ਬੋਪਰ ਸਕੂਲ ਇੰਚਾਰਜ ਤਰਸੇਮ ਸਿੰਘ ਦੇ ਯਤਨਾਂ/ਪ੍ਰੇਰਨਾ ਸਦਕਾ ਗ੍ਰਾਮ ਪੰਚਾਇਤ ਬੋਪਰ ਵੱਲੋਂ ਸਰਕਾਰੀ ਸਕੂਲ ਬੋਪਰ ਨੂੰ ਇਕ ਲੱਖ ਦੀਆਂ ਵਸਤੂਆਂ ਦਾਨ ਵਜੋਂ ਭੇਟ ਕੀਤੀਆਂ ਹਨ ਅਤੇ ਇਸ ਤੋਂ ਇਲਾਵਾ ਮਾਸਟਰ ਤਰਸੇਮ ਸਿੰਘ ਦੇ, ਸਮਾਜ ਨੂੰ ਜਾਗਰੂਕ ਕਰਨ ਵਾਸਤੇ ਲਿਖੇ ਵਧੀਆ ਲੇਖ ਸਮੇਂ ਸਮੇਂ ਤੇ ਵੱਖ ਵੱਖ ਅਖਬਾਰਾਂ ਵਿੱਚ ਛਪਦੇ ਰਹਿੰਦੇ ਹਨ।ਇਸ ਮੌਕੇ ਪ੍ਰਿੰਸੀਪਲ ਮੰਡਵੀ ਪ੍ਰਦੀਪ ਸ਼ਰਮਾ,ਪ੍ਰਿੰਸੀਪਲ ਮੂਨਕ ਹਰਜੋਤ ਕੌਰ,ਬੀ.ਐੱਮ. ਕੁਲਵਿੰਦਰ ਸੇਖੋਂ,ਬੀ.ਐਮ.ਲਵਪ੍ਰੀਤ ਸਿੰਘ, ਬੇਅੰਤ ਸਿੰਘ ਸਟੇਟ ਐਵਾਰਡੀ ਲੈਕਚਰਾਰ,ਜਗਜੀਤ ਸਿੰਘ,ਬਲਕਾਰ ਸਿੰਘ,ਗੁਰਮੇਲ ਸਿੰਘ,ਅਮਨ ਪਾਪੜਾ,ਕਪਿਲ ਨੈਨ,ਦਿਨੇਸ਼ ਕੁਮਾਰ,ਜਸਪਾਲ ਸਿੰਘ,ਗੁਰਸੇਵ ਸਿੰਘ,ਪ੍ਰੇਮ ਮੌਲਵੀਵਾਲਾ,ਸੁਨੀਲ ਕੁਮਾਰ,ਰਾਜੇਸ਼ ਕੁਮਾਰ,ਲਲਿਤ ਕੁਮਾਰ,ਕਵਿ ਸੁੱਖਜੀਵਨ ਕਲੇਰ ਠਸਕਾ,ਕਰਮ ਸਿੰਘ,ਮੇਧਾ ਸ਼ਰਮਾ,ਪੂਨਮ ਰਾਣੀ,ਦੀਪਸ਼ਿਖਾ ਮੂਨਕ,ਸੁਰੇਸ਼ ਸ਼ਰਮਾ,ਡਾ. ਸੁਖਵਿੰਦਰ ਸਿੰਘ,ਕੁਲਦੀਪ ਸਿੰਘ,ਸੁਖਵਿੰਦਰ ਗੀਰ, ਭੁਪਿੰਦਰ ਸਿੰਘ,ਸੋਨੂੰ ਨੈਨ,ਵਿਨੋਦ ਕੁਮਾਰ,ਸਮੂਹ ਸਟਾਫ ਮੰਡਵੀ,ਬਲਾਕ ਮੂਨਕ ਦੇ ਸਮੂਹ ਭਾਗੀਦਾਰ ਬੱਚੇ,ਵਿਸ਼ਾ ਅਧਿਆਪਕ ਆਦਿ ਹਾਜ਼ਰ ਸਨ।

ਡੇਂਗੂ ਤੋਂ ਬਚਾਅ ਲਈ ਜਾਗਰੂਕਤਾ ਅਹਿਮ ਉਪਾਅ : ਡਾ. ਬੋਪਾਰਾਏ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 2 ਨਵੰਬਰ :

ਸਿਵਲ ਸਰਜਨ ਡਾਕਟਰ ਪਰਮਿੰਦਰ ਕੌਰ ਦੇ ਨਿਰਦੇਸਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਲੌਂਗੋਵਾਲ ਡਾ. ਗੁਰਦੀਪ ਸਿੰਘ ਬੋਪਾਰਾਏ ਦੀ ਰਹਿਨੁਮਾਈ ਹੇਠ ਸਿਹਤ ਵਿਭਾਗ ਵੱਲੋਂ ਬਲਾਕ ਭਰ 'ਚ ਡੇਂਗੂ ਦੀ ਬਿਮਾਰੀ ਤੋਂ ਬਚਾਅ ਲਈ ਜਾਗਰੂਕਤਾ ਮੁਹਿੰਮ ਤਹਿਤ ਸਿਹਤ ਕਾਮਿਆਂ ਵੱਲੋਂ ਘਰ ਘਰ ਜਾ ਕੇ ਲਾਰਵੇ ਦੀ ਜਾਂਚ ਕੀਤੀ ਜਾ ਰਹੀ ਹੈ। ਡਾ. ਗੁਰਦੀਪ ਸਿੰਘ ਬੋਪਾਰਾਏ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਘਰ ਘਰ ਜਾ ਕੇ ਜਾਗਰੂਕ ਕਰਦਿਆਂ ਹੋਇਆਂ ਡੇਂਗੂ ਨੂੰ ਪ੍ਰਭਾਵਸਾਲੀ ਢੰਗ ਨਾਲ ਕੰਟਰੋਲ ਕੀਤਾ ਜਾ ਰਿਹਾ ਹੈ। ਮੱਛਰ ਦੀ ਪੈਦਾਇਸ ਨੂੰ ਰੋਕਣ 'ਤੇ ਜੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਕੂਲਰਾਂ ਅਤੇ ਗਮਲਿਆਂ ਦੀਆਂ ਟ੍ਰੇਆਂ ਵਿੱਚ ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕਰੋ ਛੱਤਾਂ 'ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣਾ ਨੂੰ ਚੰਗੀ ਤਰਾਂ ਬੰਦ ਕਰੋ, ਟੁੱਟੇ ਬਰਤਨਾਂ, ਡਰੰਮਾਂ,ਟਾਇਰਾਂ ਆਦਿ ਨੂੰ ਖੁੱਲੇ ਵਿੱਚ ਨਾ ਰੱਖੋ ਕਿਉਂਕਿ ਇਨ੍ਹਾਂ ਵਿੱਚ ਬਾਰਸ ਦਾ ਪਾਣੀ ਜਮ੍ਹਾਂ ਹੋ ਕੇ ਡੇਂਗੂ ਦੇ ਮੱਛਰ ਪੈਦਾ ਕਰਨ ਦਾ ਕਾਰਨ ਬਣਦਾ ਹੈ। ਉਨ੍ਹਾਂ ਕਿਹਾ ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਢੱਕਿਆ ਰਹੇ ਤਾਂ ਕਿ ਮੱਛਰ ਕੱਟ ਨਾ ਸਕਣ ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਆਦਿ ਦਾ ਇਸਤੇਮਾਲ ਕਰੋ। ਡਾ. ਬੋਪਾਰਾਏ ਨੇ ਦੱਸਿਆ ਕਿ ਡੇਂਗੂ ਬੁਖਾਰ ਮਾਦਾ ਏਡੀਜ ਅਜਿਪਟੀ ਨਾਮੀਂ ਮੱਛਰ ਦੇ ਕੱਟਣ ਨਾਲ ਹੁੰਦਾ ਹੈ, ਇਸ ਨੂੰ ਟਾਈਗਰ ਮੱਛਰ' ਵੀ ਕਹਿੰਦੇ ਹਨ।ਇਕ ਹਫਤੇ 'ਚ ਇਕ ਅੰਡੇ ਤੋਂ ਪੂਰਾ ਮੱਛਰ ਬਣ ਕੇ ਤਿਆਰ ਹੋ ਜਾਂਦਾ ਹੈ। ਇਹ ਸਾਫ ਖੜੇ ਪਾਣੀ ਵਿਚ ਹੀ ਪਣਪਦਾ ਹੈ ਤੇ ਇਹ ਮੱਛਰ ਜ਼ਿਆਦਾਤਰ ਸਵੇਰ-ਸਾਮ ਨੂੰ ਕੱਟਦਾ ਹੈ।ਇਸ ਦੇ ਸਰੀਰ ਉੱਤੇ ਟਾਈਗਰ ਵਰਗੀਆਂ ਕਾਲੀਆਂ-ਚਿੱਟੀਆਂ ਧਾਰੀਆਂ ਬਣੀਆਂ ਹੁੰਦੀਆਂ ਹਨ।ਡੇਂਗੂ ਤੇ ਮਲੇਰੀਆ ਤੋਂ ਬਚਣ ਲਈ ਸਭ ਤੋਂ ਜ਼ਿਆਦਾ ਜਰੂਰੀ ਹੈ ਕਿ ਮੱਛਰਾਂ ਦੀ ਪੈਦਾਵਾਰ ਨੂੰ ਹੀ ਰੋਕਿਆ ਜਾਵੇ, ਕਿਉਂਕਿ ਇਲਾਜ ਨਾਲੋਂ ਪ੍ਰਹੇਜ ਜ਼ਿਆਦਾ ਬਿਹਤਰ ਹੈ ਤੇ ਡੇਂਗੂ ਤੋਂ ਬਚਾਅ ਲਈ ਜਾਗਰੂਕਤਾ ਅਹਿਮ ਉਪਾਅ ਹੈ। ਉਨ੍ਹਾਂ ਨੇ ਕਿਹਾ ਕਿ ਡੇਂਗੂ ਦੀ ਰੋਕਥਾਮ ਲਈ ਹਰੇਕ ਸ਼ੁੱਕਰਵਾਰ ਨੂੰ ਖੁਸਕ ਦਿਵਸ ਦੇ ਤੌਰ 'ਤੇ ਮਨਾ ਕੇ ਆਪਣੇ ਕੂਲਰਾਂ, ਫਰਿਜਾਂ ਆਦਿ ਨੂੰ ਸਾਫ ਕਰਕੇ ਸੁਕਾਇਆ ਜਾਵੇ, ਕਿਉਂਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਇਸ ਬਿਮਾਰੀ ਤੋਂ ਮੁਕਤੀ ਪਾਈ ਜਾ ਸਕਦੀ ਹੈ।

ਖਰੀਦ ਕੇਂਦਰ ਵਿਖੇ ਝੋਨੇ ਦੀ ਰਾਖੀ ਕਰਦੇ ਇਕ ਕਿਸਾਨ ਦੀ ਮੌਤ

ਇੱਕ ਏਕੜ ਤੋਂ ਵੀ ਘੱਟ ਜ਼ਮੀਨ ਦਾ ਮਾਲਕ ਸੀ ਨਛੱਤਰ ਸਿੰਘ

ਆਜ਼ਾਦ ਸੋਚ ਸ਼ੰਭੂ ਗੋਇਲ ਲਹਿਰਾਗਾਗਾ 2 ਅਕਤੂਬਰ

ਸਥਾਨਕ ਸ਼ਹਿਰ ਦੇ ਅਤਿ ਨੇੜਲੇ ਪਿੰਡ ਖੰਡੇਬਾਦ ਵਿਖੇ ਕੱਲ ਇੱਕ ਵਿਅਕਤੀ ਦੀ ਰੋਟਾਵੇਟਰ ਵਿਚ ਆ ਜਾਣ ਕਾਰਨ ਮੌਤ ਹੋਣ ਸਬੰਧੀ ਸਿਵਾ ਅਜੇ ਠੰਢਾ ਵੀ ਨਹੀਂ ਹੋਇਆ ਸੀ, ਕਿ ਅੱਜ ਫੇਰ ਖੰਡੇਬਾਦ ਦੇ ਇੱਕ ਵਿਅਕਤੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਨੇੜਲੇ ਪਿੰਡ ਭੁਟਾਲ ਕਲਾਂ ਦੇ ਖਰੀਦ ਕੇਂਦਰ ਵਿਚ ਪਿੰਡ ਖੰਡੇਬਦ ਦੇ ਇੱਕ ਵਿਅਕਤੀ ਦੀ ਜੀਰੀ ਦੀ ਰਾਖੀ ਕਰਦਿਆਂ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪੰਜਾਬ ਹੋਮਗਾਰਡ ਦਾ ਇਹ ਰਿਟਾਇਰਡ ਮੁਲਾਜਮ ਨਛੱਤਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਖੰਡੇਬਾਦ ਜੋ ਇਕ ਏਕੜ ਤੋਂ ਵੀ ਘੱਟ ਜ਼ਮੀਨ ਦਾ ਮਾਲਕ ਸੀ ਅਤੇ ਆਪਣੀ ਜੀਰੀ ਨੇੜਲੇ ਖਰੀਦ ਕੇਂਦਰ ਭੁਟਾਲ ਕਲਾਂ ਵਿਖੇ ਵੇਚਣ ਲਈ ਗਿਆ ਹੋਇਆ ਸੀ। ਜਿਸ ਨੂੰ ਰਾਤੀਂ ਦਿਲ ਦਾ ਦੌਰਾ ਪੈ ਗਿਆ ਅਤੇ ਉਸਦੀ ਮੌਤ ਹੋ ਗਈ।ਪਿੰਡ ਖੰਡੇਬਾਦ ਦੇ ਸਰਪੰਚ ਕਾਮਰੇਡ ਸਤਵੰਤ ਸਿੰਘ ਉਤੇ ਮ੍ਰਿਤਕ ਦੇ ਪੁੱਤਰ ਕੁਲਦੀਪ ਸਿੰਘ ਨੇ ਦੱਸਿਆ ਕਿ ਨਛੱਤਰ ਸਿੰਘ ਮਹਿਜ ਇਕ ਕਿੱਲੇ ਤੋਂ ਵੀ ਘੱਟ ਜ਼ਮੀਨ ਦਾ ਮਾਲਕ ਸੀ।ਘੱਟ ਜਮੀਨ ਹੋਣ ਕਾਰਨ ਹੀ ਪ੍ਰੇਸ਼ਾਨ ਰਹਿੰਦਾ ਸੀ।ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਬਲਾਕ ਪ੍ਰਧਾਨ ਗੁਰਲਾਲ ਸਿੰਘ ਜਲੂਰ ,ਸਕੱਤਰ ਹਰਦੀਪ ਸਿੰਘ ਢੀਂਡਸਾ, ਖ਼ਜ਼ਾਨਚੀ ਲਖਵਿੰਦਰ ਸਿੰਘ ਡੂਡੀਆ ਤੋਂ ਇਲਾਵਾ ਪਿੰਡ ਦੇ ਸਰਪੰਚ ਕਾਮਰੇਡ ਸਤਵੰਤ ਸਿੰਘ, ਬਲਜਿੰਦਰ ਸਿੰਘ ਸਾਬਕਾ ਪੰਚ ਅਤੇ ਹੋਰ ਮੋਹਤਬਰ ਵਿਅਕਤੀਆਂ ਨੇ ਇਸ ਕਿਸਾਨ ਦੇ ਪਰਿਵਾਰ ਦੀ ਆਰਥਿਕ ਮਦਦ ਲਈ ਗੁਹਾਰ ਅਤੇ ਪਰਿਵਾਰ ਲਈ ਇਕ ਵਿਅਕਤੀ ਨੂੰ ਨੌਕਰੀ ਦੇਣ ਦੀ ਮੰਗ ਕੀਤੀ ਹੈ।



ਉੱਤਰ ਰੇਲਵੇ

ਟੈਂਡਰ ਸੂਚਨਾ

ਸੀਨੀਅਰ ਮੰਡਲ ਵਾਣਿਜਿਯ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਦੇ ਦੁਵਾਰਾ ਤੋਂ ਫਿਰੋਜ਼ਪੁਰ ਮੰਡਲ ਉਤੇ ਹਾਲਟ ਸਟੇਸ਼ਨਾਂ ਦੇ ਅਲਾਟਮੈਂਟ ਲਈ ਆਵੇਦਨ ਪੱਤਰ ਮੰਗ ਕੀਤੇ ਹਨ:-

ਕੰਮ ਦਾ ਨਾਮ	ਫਿਰੋਜ਼ਪੁਰ ਮੰਡਲ ਜਮਸ਼ੇਰ ਖਾਸ, ਥਾਬਲਕੇ, ਬੋਲੀਨਾ ਦੋਆਵਾ, ਸ਼ੰਕਰ, ਸ਼ਾਮ ਚੋਰਾਸੀ, ਗਰਨਾ ਸਾਹਿਬ, ਹਰਦੋਵਾਲ, ਰਾਮਦਾਸ, ਫਤੇਹਗੜ੍ਹ ਚੂਰਿਯਨ, ਚਕ ਦਯਾਲਾ, ਖਟਕੜ ਕਲਾਂ ਝੰਡਾ ਜੀ, ਜੈਜੋਂ ਦੋਆਬਾ, ਮਾਲੁਪੋਤਾ, ਗੜ੍ਹਸ਼ੰਕਰ, ਸੈਲਾਖੁਰਦ, ਪਰਤਾਬਪੁਰਾ, ਘਾਯਲਾ, ਕੈਰੋਂ, ਕਾਦਿਯਨ, ਬਲਟੋਹਾ, ਪਰਮਾਨੰਦ, ਘਿਆਲਾ, ਸੋਹਲ, ਜੀਵਾਂ ਅਰੇਨ, ਚਕਬਾਨ ਵਾਲਾ, ਕੋਹਰ ਸਿੰਘ ਵਾਲਾ, ਨੰਦਪੁਰ ਭਟੋਲੀ, ਮੇਘਰਾਜਪੁਰਾ, ਸੁਲਹ (ਹਿਮਾਚਲ), ਪੰਚਰੂਖੀ, ਸਮਲੋਟੀ, ਬਟਾਲਾ ਸੂਗਰ ਮਿਤਲ, ਡੂਡਵਿੰਡੀ ਪਟਟੀਰਾਜਪੁਰਾ ਅਤੇ ਢੀਂਡਸਾ ਹਾਲਟ ਸਟੇਸ਼ਨ ਅਗਲੇ 5 ਸਾਲ ਦੇ ਲਈ ਠੇਕੇ ਦਾ ਅਲਾਟਮੈਂਟ।
ਟੈਂਡਰ ਜਮਾਂ ਕਰਨ ਦੀ ਆਖਰੀ ਮਿਤੀ ਤੇ ਟੈਂਡਰ ਖੁਲਣ ਦਾ ਸਮਾਂ	ਮਿਤੀ 05.12.2022 ਨੂੰ 15.00 ਵਜੇ ਤਕ (ਕਿਸੀ ਕਾਰਨ ਵਸ਼ ਦਫਤਰ ਬੰਦ ਹੋਣ ਦੀ ਸਥਿਤੀ ਵਿਚ ਆਵੇਦਨ ਪੱਤਰ ਅਗਲੇ ਕੰਮ ਵਾਲੇ ਦਿਨ ਉਤੇ ਖੋਲੇ ਜਾਣਗੇ।
ਦਫਤਰ ਦਾ ਪਤਾ ਅਤੇ ਮਿਤੀ ਜਿਥੋ ਤੋਂ ਆਵੇਦਨ ਪੱਤਰ ਪ੍ਰਾਪਤ ਕੀਤੇ ਜਾਂ ਸਕਦੇ ਹਨ	ਸੀਨੀ. ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਮਿਤੀ 02.11.2022 ਤੋਂ 05.12.2022 ਤਕ ਕਿਸੀ ਵੀ ਕੰਮ ਵਾਲੇ ਦਿਨ ਅਤੇ ਉੱਤਰ ਰੇਲਵੇ ਦੀ ਵੇਬਸਾਈਟ www.nr.indinrailways.gov.in. ਤੋਂ ਡਾਉਨਲੋਡ ਕੀਤੇ ਜਾਂ ਸਕਦੇ ਹਨ।

ਇਸ ਅਲਾਟਮੈਂਟ ਤੋਂ ਸਬੰਧਿਤ ਦਸਤਾਵੇਜ ਜਿਸਤਰ੍ਹਾਂ ਆਵੇਦਨ ਪੱਤਰ, ਅਨੁਦੇਸ਼ ਕਰਾਰਨਾਮਾ ਅਤੇ ਨਿਯਮ ਤੇ ਸ਼ਰਤਾਂ ਨੂੰ ਉੱਤਰ ਰੇਲਵੇ ਦੀ ਵੇਬਸਾਈਟ www.nr.indianrailways.gov.in ਤੋਂ ਡਾਊਨਲੋਡ ਕੀਤੇ ਜਾਂ ਸਕਦੇ ਹਨ।

2922/2022

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤਰ ਰੇਲਵੇ

ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਲਈ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਦਾ ਸੱਦਾ ਦਿਤਾ ਜਾਂਦਾ ਹੈ।

Name of Work	ਫਿਰੋਜ਼ਪੁਰ ਮੰਡਲ ਦੇ ਵਿਭਿੰਨ ਸਟੇਸ਼ਨਾਂ ਤੇ ਪਾਰਕਿੰਗ ਦਾ ਠੇਕਾ ਤਿੰਨ ਸਾਲ ਦੇ ਲਈ ਅਲਾਟ ਕਰਨ ਲਈ।
Auction Catalog No.	EAFZR-PARKG22-17
Auction Start	14.11.2022, 11:00 ਸਵੇਰੇ
ਲਾਟ ਨੰਬਰ	ਸਟੇਸ਼ਨ ਦਾ ਨਾਮ
PARKING-FZR-BGTN-TW-14-22-1	ਭਗਤਾਵਾਲਾ
PARKING-FZR-LNK-TW-30-22-1	ਲੋਹਿਯਾਖਾਸ
PARKING-FZR-KRE-TW-26-22-1	ਕਰਤਾਰਪੁਰ
PARKING-FZR-MEX-TW-47-22-1	ਮੁਕੇਰਿਯਾ
PARKING-FZR-GHS-TW-18-22-1	ਗੁਰੂਹਰਸਹਾਯ
PARKING-FZR-MKS-TW-31-22-1	ਮੁਕਤਸਰ
PARKING-FZR-PHR-TW-55-22-1	ਫਿਲੌਰ
PARKING-FZR-PAX-TW-15-22-1	ਪੱਟੀ
PARKING-FZR-FKA-TW-10-22-1	ਫਜਿਲਕਾ
PARKING-FZR-LKK-TW-29-22-1	ਲਾਯਲਪੁਰ ਖਾਲਸਾ ਕਾਲੇਜ ਹਾਲਟ
PARKING-FZR-KXH-TW-19-22-1	ਕਪੂਰਥਲਾ
PARKING-FZR-TTO-TW-54-22-1	ਤਰਨਤਾਰਨ
PARKING-FZR-BAT-TW-11-22-1	ਬਟਾਲਾ
PARKING-FZR:MWX-TW-22-22-1	ਮਲਲਾਵਾਲਾ ਖਾਸ
PARKING-FZR-VJPJ-TW-25-22-1	ਵਿਜਯਪੁਰ ਜੰਮੂ
PARKING-FZR-GJUT-TW-16-22-1	ਗੰਗਸਰ ਜੈਤੋਂ
PARKING-FZR-VKA-TW-53-22-1	ਵੇਰਵਾ
PARKING-FZR-NRO-TW-27-22-2	ਨਕੋਦਰ
PARKING-FZR-CIA-TW-56-22-1	ਛੇਹੇਰਟਾ
PARKING-FZR-BRML-MX-50-22-1	ਬਾਰਾਮੂਲਾ
PARKING-FZR-QG-MX-52-22-1	ਕਾਜੀਕੁੰਡ
PARKING-FZR-BDGM-MX-49-22-1	ਬੜਗਾਂਵ
PARKING-FZR-JRC-MX-3-22-2	ਜਲੰਧਰ ਛਾਉਣੀ

ਵਿਸਤ੍ਰਿਤ ਜਾਣਕਾਰੀ ਰੇਲਵੇ ਵੈਬਸਾਈਟ www.ireps.gov.in ਉਤੇ ਉਪਲਬਧ ਹੈ। 2920/22

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ICICI Home Finance

ਕਾਰਪੋਰੇਟ ਆਫਿਸ : ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ. ਆਈਸੀਆਈਸੀਆਈ ਐਚਐਫਸੀ ਟਾਵਰ, ਅੰਧੇਰੀ-ਕੁਰਲਾ ਰੋਡ, ਅੰਧੇਰੀ (ਪੂਰਬ), ਮੁੰਬਈ-400059, ਇੰਡੀਆ

ਬਰਾਂਚ ਆਫਿਸ : ਐਸਸੀਓ ਨੰ.333/338, ਸੈਕਟਰ 35/ਡੀ, ਦੂਜੀ ਮੰਜਿਲ, ਉਪਰ ਬੰਧਨ ਬੈਂਕ ਚੰਡੀਗੜ੍ਹ-10035

(ਰੂਲ 8(6) ਦੀਆਂ ਹਦਾਇਤਾਂ ਦੇਖੋ)

ਅਚੱਲ ਸੰਪਤੀਆਂ ਦੀ ਵਿੱਕਰੀ ਦਾ ਨੋਟਿਸ

ਸਕਿਓਰਾਈਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਦੇ ਨਾਲ ਪੜ੍ਹੇ ਜਾਂਦੇ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (6) ਦੀਆਂ ਹਦਾਇਤਾਂ ਅਨੁਸਾਰ ਅਚੱਲ ਸੰਪਤੀਆਂ ਦੀ ਈ-ਆਕਸ਼ਨ ਵਿੱਕਰੀ ਨੋਟਿਸ।

ਇਸ ਨੋਟਿਸ ਰਾਹੀਂ ਆਮ ਜਨਤਾ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਸੰਪਤੀ ਸਕਿਊਰਡ ਕ੍ਰੇਡਿਟਰ ਕੋਲ ਮੋਰਟਗੇਜ/ਚਾਰਜਡ ਹੈ, ਜਿਸਦਾ **ਭੌਤਿਕ ਕਬਜ਼ਾ** ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ. ਦੇ ਅਧਿਕਾਰਤ ਅਫਸਰ ਨੇ ਲੈ ਲਿਆ ਹੈ, ਨੂੰ ਹੇਠਾਂ ਦਰਸਾਏ ਵੇਰਵਿਆਂ ਅਨੁਸਾਰ 'ਜਿਵੇਂ ਹੈ', 'ਜੋ ਹੈ' ਅਤੇ 'ਜੋ ਵੀ ਮੌਜੂਦ ਹੈ' ਅਧਾਰ 'ਤੇ ਵੇਚੀਆਂ ਜਾਣਗੀਆਂ।

ਲੜੀ ਨੰ. (ੳ)	ਕਰਜ਼ਦਾਰ (†)/ਸਹਿ-ਕਰਜ਼ਦਾਰ/ਜ਼ਾਮਨਾਂ ਦੇ ਨਾਂ/ਕਰਜ਼ ਖਾਤਾ ਨੰਬਰ (ਅ)	ਸੁਰੱਖਿਅਤ ਸੰਪਤੀ ਦੇ ਵੇਰਵੇ (ਈ)	ਬਕਾਇਆ ਰਕਮ (ਰੁਪਏ 'ਚ) (ਸ)	ਰਾਖਵੀਂ ਕੀਮਤ ਤੇ ਬਿਆਨਾ ਰਕਮ (ਰੁਪਇਆਂ ਵਿੱਚ) (ਹ)	ਸੰਪੱਤੀ ਦੀ ਜਾਂਚ ਦੀ ਮਿਤੀ ਤੇ ਸਮਾਂ (ਕ)	ਨਿਲਾਮੀ ਦੀ ਮਿਤੀ ਤੇ ਸਮਾਂ (ਖ)
1	ਸੰਜੈ ਰਾਏ (ਕਰਜ਼ਦਾਰ) ਲੋਨ ਅਕਾਊਂਟ ਨੰ. NHDSS00001247223	ਪਲਾਟ ਨੰ.328, ਵਸੰਤ ਵਿਹਾਰ ਹੈਬਤਪੁਰ ਰੋਡ ਡੇਰਾਬਸੀ ਜ਼ਿਲ੍ਹਾ ਐਸਏਐਸ ਨਗਰ ਮੋਹਾਲੀ ਪੰਜਾਬ	ਰੁ. 9,63,742/ 1 ਨਵੰਬਰ 2022	ਰੁ 6,84,000/- ਰੁ 68,400/-	15 ਨਵੰਬਰ 2022 ਤੋਂ ਸਵੇਰੇ 11:00 ਵਜੇ ਤੋਂ 3:00 ਵਜੇ ਦੁਪਹਿਰ ਬਾਅਦ ਤੱਕ	18 ਨਵੰਬਰ 2022 ਨੂੰ ਦੁਪਹਿਰ ਬਾਅਦ 02:00 ਵਜੇ ਤੋਂ ਦੁਪਹਿਰ ਬਾਅਦ 3.00 ਵਜੇ ਤੱਕ

ਆਨਲਾਈਨ ਬੋਲੀ ਵੈਬਸਾਈਟ **(URL Link-https://sarfaesi.auctiontiger.net/EPROC/)** ਸਾਡੀ ਬੋਲੀ ਏਜੰਸੀ ਆਕਸ਼ਨ ਟਾਈਗਰ 'ਤੇ ਕੀਤੀ ਜਾਵੇਗੀ। ਰਹਿਨਨਾਮਾਕਾਰਾਂ/ਨੋਟਿਸੀ ਨੂੰ ਆਖਿਰੀ ਮੌਕਾ ਦਿੱਤਾ ਜਾਂਦਾ ਹੈ ਕਿ ਉਹ **17 ਨਵੰਬਰ 2022 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ** ਰਹਿੰਦੀ ਸਾਰੀ ਅਦਾਇਗੀ ਸਮੇਤ ਵਿਆਜ਼ ਕਰ ਦੇਣ ਨਹੀਂ ਤਾਂ ਇਹ ਸੁਰੱਖਿਅਤ ਅਸਾਸੇ ਦੱਸੇ ਸ਼ਡਿਊਅਲ ਮੁਤਾਬਕ ਨਿਲਾਮ ਕਰ ਦਿੱਤੇ ਜਾਣਗੇ।

ਇਛੁੱਕ ਬੋਲੀਕਾਰ (†) ਨੂੰ "ਸੰਪੱਤੀ ਦੀ ਖਰੀਦ ਲਈ ਉਕਤ ਦਰਸਾਈ ਬਿਆਨਾ ਰਕਮ (ਈਐਮਡੀ), ਡਿਮਾਂਡ ਡਰਾਫਟ (ਡੀਡੀ) (ਕਾਲਮ 'ਹ' ਵਿਚ ਦਿੱਤੇ ਹਵਾਲੇ ਅਨੁਸਾਰ) **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ., ਐਸਸੀਓ ਨੰ.333/338, ਸੈਕਟਰ 35/ਡੀ, ਦੂਜੀ ਮੰਜਿਲ, ਉਪਰ ਬੰਧਨ ਬੈਂਕ, ਚੰਡੀਗੜ੍ਹ-160035** 'ਤੇ ਅਤੇ ਉਸ ਤੋਂ ਬਾਅਦ ਆਪਣੀ ਪੇਸ਼ਕਸ ਸਮੇਤ ਈਐਮਡੀ ਰਕਮ ਦੇ ਪਰੂਫ ਵਜੋਂ ਬੈਂਕ ਵੱਲੋਂ ਜਾਰੀ ਡੀਡੀ ਦੀ ਸਕੈਨ ਕਾਪੀ ਕੇਵਲ ਉਕਤ ਦਰਸ਼ਾਈ ਵੈਬਸਾਈਟ ਰਾਹੀਂ ਹੀ **17 ਨਵੰਬਰ 2022 ਨੂੰ ਸ਼ਾਮ 04 ਵਜੇ ਤੋਂ ਪਹਿਲਾਂ** ਜਮਾਂ ਕਰਵਾਉਣੀ ਹੋਵੇਗੀ। ਕ੍ਰਿਪਾ ਨੋਟ ਕਰੋ, ਜੇਕਰ ਇਛੁੱਕ ਬੋਲੀਕਾਰ ਵੈਬਸਾਈਟ ਰਾਹੀਂ ਉਨ੍ਹਾਂ ਦੀ ਪੇਸ਼ਕਸ ਜਮ੍ਹਾਂ ਕਰਨ ਵਿੱਚ ਅਸਫਲ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਟੈਂਡਰ ਡਾਕੂਮੈਂਟਸ ਦੀ ਸਹੀਬੱਧ ਕਾਪੀ **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ., ਐਸਸੀਓ ਨੰ.333/338, ਸੈਕਟਰ 35/ਡੀ, ਦੂਜੀ ਮੰਜਿਲ, ਉਪਰ ਬੰਧਨ ਬੈਂਕ, ਚੰਡੀਗੜ੍ਹ-160035 ਵਿਖੇ 17 ਨਵੰਬਰ 2022 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ** ਜਮਾਂ ਕਰਵਾਉਣੀ ਪਵੇਗੀ। ਬਿਆਨਾ ਰਕਮ ਦਾ ਈਐਮਡੀ ਡੀਡੀ/ਪੀਓ **ਮੋਹਾਲੀ** ਵਿਖੇ ਅਦਾਇਗੀਯੋਗ **"ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ.**ਦੇ ਪੱਖ ਵਿਚ ਕਿਸੇ ਕੌਮੀਕ੍ਰਿਤ/ਸੂਚੀਬਧ ਬੈਂਕ ਵਲੋਂ ਹੋਣਾ ਚਾਹੀਦਾ ਹੈ।

ਜਾਂਚ, ਨਿਲਾਮੀ ਦੇ ਨਿਯਮ ਤੇ ਸ਼ਰਤਾਂ ਜਾਂ ਟੈਂਡਰਾਂ ਦੀ ਪੇਸ਼ਕਸ਼ ਸਬੰਧੀ ਕਿਸੇ ਵੀ ਵਧੇਰੇ ਸਪਸ਼ਟੀਕਰਨ ਲਈ ਕ੍ਰਿਪਾ ਕਰਕੇ **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮਟਿਡ** ਦੇ ਨਾਲ **7021072869** 'ਤੇ ਸੰਪਰਕ ਕਰੋ।

ਅਧਿਕਾਰਤ ਅਧਿਕਾਰੀ ਕੋਲ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਬਿਨਾਂ ਕੋਈ ਵੀ ਕਾਰਨ ਦੱਸੇ ਰੱਦ ਕਰਨ ਦਾ ਹੱਕ ਰਾਖਵਾਂ ਹੈ।

ਕਿਰਪਾ ਕਰਕੇ ਬੋਲੀ ਦੀਆਂ ਹੋਰ ਵਿਸਥਾਰਤ ਨਿਯਮ ਤੇ ਸ਼ਰਤਾਂ ਲਈ ਆਈਸੀਆਈਸਆਈ ਬੈਂਕ ਲਿਮ. ਦੀ ਵੈਬਸਾਈਟ ਦੇਖੋ।

ਵਿਕਰੀ ਸਬੰਧੀ ਸ਼ਰਤਾਂ ਅਤੇ ਹੋਰ ਜਾਣਕਾਰੀ ਲਈ **https://www.icicihfc.com/** 'ਤੇ ਸੰਪਰਕ ਕਰੋ।

ਮਿਤੀ : 03 ਨਵੰਬਰ 2022
ਸਥਾਨ : ਮੋਹਾਲੀ (ਪੰਜਾਬ)

ਸਹੀ/-
ਅਧਿਕਾਰਤ ਅਧਿਕਾਰੀ
ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ.

Piramal Capital & Housing Finance

ਪੀਰਾਮਲ ਕੈਪੀਟਲ ਐਂਡ ਹਾਊਸਿੰਗ ਫਾਈਨਾਂਸ ਲਿਮ.

(ਪਹਿਲਾਂ ਪਛਾਣ ਦੀਵਾਨ ਹਾਊਸਿੰਗ ਫਾਈਨਾਂਸ ਕਾਰਪੋਰੇਸ਼ਨ ਲਿਮ.)
ਸੀਆਈਐਨਐਲ65910ਐਮਐਚ1984ਪੀਐਲਸੀ032639

ਰਜਿਸਟਰਡ ਆਫਿਸ: ਯੂਨਿਟ ਨੰ.-601, ਛੇਵੀ ਮੰਜਿਲ, ਪੀਰਾਮਲ ਅਮੀਟੀ ਬਿਲਡਿੰਗ, ਪੀਰਾਮਲਾ ਅਗਸਤਿਆ ਕਾਰਪੋਰੇਟ ਪਾਰਕ, ਕਾਮਨੀ ਜੰਕਸ਼ਨ, ਸਾਹਮਣੇ ਫਾਇਰ ਸਟੇਸ਼ਨ, ਐਲਬੀਐਸ ਨਗਰ, ਕੁਰਲਾ (ਪੱਛਮ) ਮੁੰਬਈ-400070 ਟੈਲੀਫੋਨ-+91 22 3802 4000
ਬ੍ਰਾਂਚ ਆਫਿਸ : ਏ301 ਤੇ 302, ਤੀਜੀ ਮੰਜਿਲ, ਅਲਾਂਟੇ ਆਫਿਸ ਕੰਪਲੈਕਸ, ਇਡਸਟਰੀਅਲ ਏਰੀਆ ਫੇਸ1, ਚੰਡੀਗੜ੍ਹ-160002
ਸੰਪਰਕ ਨੰ. 1 ਆਸ਼ੀਸ ਹਾਂਡਾ-9041042572, 2 ਪਰਵੀਨ ਕੁਮਾਰ ਯਾਦਵ-9914220078, 3. ਰੌਹਨ ਸਾਵੰਤ-9833143013

ਈ-ਨੀਲਾਮੀ ਤੇ ਵਿਕਰੀ ਨੋਟਿਸ (ਫਰੇਸ ਵਿਕਰੀ)

ਹੇਠਾਂ ਦਰਸਾਈਆਂ ਸਕਿਊਰਡ ਜਾਇਦਾਦਾਂ ਦੇ ਕਬਜੇ ਲੈਣ ਮਗਰੋਂ ਪੀਰਾਮਲ ਕੈਪੀਟਲ ਐਂਡ ਹਾਊਸਿੰਗ ਫਾਈਨਾਂਸ ਲਿਮ. ਪੀਸੀਐਚਐਫਐਲ (ਪਹਿਲਾਂ ਦੀ ਪਛਾਣ ਦੀਵਾਨ ਹਾਊਸਿੰਗ ਫਾਈਨਾਂਸ ਕਾਪੋਰੇਸ਼ਨ ਲਿਮ. ਡੀਐਚਐਫਐਲ) ਦੇ ਅਧਿਕਾਰਤ ਅਫਸਰ ਵੱਲੋਂ **ਸਕਿਊਰਿਟੀਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰਸਟ ਐਕਟ** 2002 ਅਧੀਨ ਕਰਜ਼ਦਾਰਾਂ ਕੋਲੋਂ ਰਿਕਵਰੀ ਦੀ ਬਕਾਇਆ ਰਕਮ ਵਸੂਲਣ ਲਈ ਹੇਠਾਂ ਦਰਸਾਈਆਂ ਅਚੱਲ ਸੰਪਤੀਆਂ ਦੀ ਖਰੀਦ ਲਈ ਮੋਹਰਬੰਦ ਪੇਸ਼ਕਸ਼ਾਂ ਨੂੰ ਨਿਮਨ ਹਸਤਾਖਰੀ ਦੁਆਰਾ ਮੰਗ ਕੀਤੀ ਜਾਂਦੀ ਹੈ, ਜਿਹੜੀਆਂ 'ਤੇ ਭੌਤਿਕ ਕਬਜ਼ਾ ਹੋ ਚੁੱਕਾ ਹੈ, ਨੂੰ **ਜੋ ਹੈ, 'ਜਿਵੇਂ ਹੈ' ਅਤੇ 'ਜੋ ਵੀ ਹੈ ਉਹੀ ਹੈ'** ਅਧਾਰ 'ਤੇ ਉਨ੍ਹਾਂ ਦੇ ਵੇਰਵੇ ਨੂੰ ਹੇਠਾਂ ਦਰਸਾਇਆ ਗਿਆ ਹੈ :-

ਲੜੀ ਨੰ.	ਕਰਜ਼ਦਾਰ(†)/ਗਰੰਟਰ(†) ਦਾ ਨਾਮ	ਡੀਮਾਂਡ ਨੋਟਿਸ ਦੀ ਰਕਮ ਤੇ ਮਿਤੀ	ਅਚੱਲ ਸੰਪਤੀ ਦਾ ਵੇਰਵਾ	ਰਾਖਵੀਂ ਕੀਮਤ (ਆਰਪੀ) (ਰੁ. ਵਿੱਚ)	ਰਾਖਵੀਂ ਕੀਮਤ (ਆਰਪੀ)	ਬਕਾਏ ਦੀ ਕੁੱਲ ਰਕਮ (17.12.2021)
1	ਲੋਨ ਕੋਡ ਨੰ.00041293, ਚੰਡੀਗੜ੍ਹ-ਮੱਧਿਆ ਮਾਰਗ (ਬ੍ਰਾਂਚ), ਹੇਮੰਤ ਗੋਇਲ ਮੋਟਰਜ਼ ਪੀਵੀਟੀ ਲਿਮ. (ਕਰਜ਼ਦਾਰ), ਅਮਿਤ ਗੋਇਲ (ਸਹਿ ਕਰਜ਼ਦਾਰ 1), ਪੁਸ਼ਪਾ ਗੋਇਲ (ਸਹਿ ਕਰਜ਼ਦਾਰ 2), ਹੇਮੰਤ ਗੋਇਲ (ਗਰੰਟਰ 1), ਸੰਗਰੂਰ ਆਟੋਜ਼ ਪੀਵੀਟੀ ਲਿਮ. (ਗਰੰਟਰ 2)	ਮਿਤੀ 26-09-2019 ਰੁ.8,33,19,982/- (ਰੁ. ਅੱਠ ਕਰੋੜ ਤੇਤੀ ਲੱਖ ਉਨੀ ਹਜ਼ਾਰ ਨੌਂ ਸੌ ਬਿਆਸੀ ਕੇਵਲ)	ਸੰਪਤੀ ਦਾ ਹਿੱਸਾ ਅਤੇ ਪਾਰਸਲ ਇੱਕ ਹਦ ਤੱਕ : ਗੋਇਲ ਮੋਟਰਜ਼ (ਟਾਟਾ ਏਜੰਸੀ) ਰਾਜਪੁਰਾ ਰੋਡ ਨੇੜੇ ਪੁਰਾਣੀ ਚੁੰਗੀ ਪਟਿਆਲਾ ਪਟਿਆਲ ਪੰਜਾਬ 147001 ਬਾਊਂਡਰੀਜ਼ ਅਨੁਸਾਰ : ਉੱਤਰ : ਰੋਡ 90, ਦੱਖਣ: ਸੰਪਤੀ ਮੱਖਣ ਸਿੰਘ ਪੂਰਬ: ਦੁਕਾਨ ਪੱਛਮ: ਗਲੀ।	ਰੁ. 7, 70, 00, 000/ (ਰੁ. ਸੱਤ ਕਰੋੜ ਸੱਤਰ ਲੱਖ ਕੇਵਲ)	ਰੁ. 77,00,000/ (ਰੁ. ਸਤੱਤਰ ਲੱਖ ਕੇਵਲ)	ਰੁ. 12,11,34,111/-(ਰੁ. ਬਾਰਾਂ ਕਰੋੜ ਗਿਆਰਾਂ ਲੱਖ ਚੌਂਤੀ ਹਜ਼ਾਰ ਇੱਕ ਸੌ ਗਿਆਰਾਂ ਕੇਵਲ)
2	ਲੋਨ ਕੋਡ ਨੰ.00041294, ਚੰਡੀਗੜ੍ਹ-ਮੱਧਿਆ ਮਾਰਗ (ਬ੍ਰਾਂਚ), ਸੰਗਰੂਰ ਆਟੋਜ਼ ਪੀਵੀਟੀ ਲਿਮ. (ਕਰਜ਼ਦਾਰ), ਅਮਿਤ ਗੋਇਲ (ਸਹਿ ਕਰਜ਼ਦਾਰ 1), ਹੇਮੰਤ ਗੋਇਲ (ਸਹਿ ਕਰਜ਼ਦਾਰ 2), ਹੇਮੰਤ ਗੋਇਲ ਮੋਟਰਜ਼ ਪੀਵੀਟੀ ਲਿਮ. (ਗਰੰਟਰ 1), ਪੁਸ਼ਪਾ ਗੋਇਲ (ਗਰੰਟਰ 2), ਹੇਮੰਤ ਗੋਇਲ ਮੋਟਰਜ਼ (ਗਰੰਟਰ 3)	ਮਿਤੀ 26-09-2019 ਰੁ.6,05,64,829/- (ਰੁ. ਛੇ ਕਰੋੜ ਪੰਜ ਲੱਖ ਚੌਂਹਠ ਹਜ਼ਾਰ ਅੱਠ ਸੌ ਉਨੱਤੀ ਕੇਵਲ)	ਸੰਪਤੀ ਦਾ ਹਿੱਸਾ ਅਤੇ ਪਾਰਸਲ ਇੱਕ ਹਦ ਤੱਕ : ਟਾਟਾ ਮੋਟਰਜ਼ ਵਰਕਸ਼ਾਪ, ਮਥੁਰਾ ਕਲੋਨੀ, ਰਾਜਪੁਰਾ ਰੋਡ, ਖਸਰਾ ਨੰ.1377, ਪਟਿਆਲਾ ਪਟਿਆਲਾ ਪਟਿਆਲਾ ਪੰਜਾਬ 147001 ਬਾਊਂਡਰੀਜ਼ ਅਨੁਸਾਰ:- ਉੱਤਰ : ਮਕਾਨ, ਸਾਈਡ 370 ਫੁੱਟ, ਦੱਖਣ: ਖੁੱਲੀ ਸਰਕਾਰੀ ਭੂਮੀ, ਸਾਈਡ 396 ਫੁੱਟ ਪੂਰਬ: ਰੋਡ 20 ਫੁੱਟ, ਸਾਈਡ 102 ਫੁੱਟ ਪੱਛਮ: ਮਕਾਨ, ਸਾਈਡ 142 ਫੁੱਟ	ਰੁ. 3, 30, 00, 000/ (ਰੁ. ਤਿੰਨ ਕਰੋੜ ਤੀਹ ਲੱਖ ਕੇਵਲ)	ਰੁ. 33,00,000/ (ਰੁ. ਤੇਤੀ ਲੱਖ ਕੇਵਲ)	ਰੁ. 8,83,40,334/- (ਰੁ. ਅੱਠ ਕਰੋੜ ਤਿਰਾਸੀ ਲੱਖ ਚਾਲੀ ਹਜ਼ਾਰ ਤਿੰਨ ਸੌ ਚੌਂਤੀ ਕੇਵਲ)

ਬੋਲੀ ਦੀ ਮਿਤੀ 24-11-2022 ਸਵੇਰੇ 11:00 ਵਜੇ ਤੋਂ ਦੁਪਹਿਰ ਬਾਅਦ 2:00 ਵਜੇ ਤੱਕ (ਹਰੇਕ ਬੋਲੀ 5 ਮਿੰਟ ਦੀ ਅਨਲਿਮਟਿਡ ਐਕਸਟੈਨਸ਼ਨ ਸਮੇਤ) ਬੋਲੀ ਜਮਾਂ ਕਰਨ ਦੀ ਆਖਰੀ ਮਿਤੀ : 23-11-2022, ਸ਼ਾਮ 4:00 ਵਜੇ ਤੋਂ ਪਹਿਲਾਂ।

ਬੋਲੀ ਦੀਆਂ ਸ਼ਰਤਾਂ ਤੇ ਨਿਯਮ ਇਸ ਤਰ੍ਹਾਂ ਹਨ :

ਬੋਲੀ ਹੇਠ ਲਿਖੇ ਨਿਯਮਾਂ ਤੇ ਸ਼ਰਤਾਂ ਮੁਤਾਬਿਕ ਹੋਵੇਗੀ:-
1. ਸੰਪਤੀ ਰਿਜ਼ਰਵ ਕੀਮਤ ਤੋਂ ਹੇਠਾਂ ਨਹੀਂ ਵੇਚੀ ਜਾਵੇਗੀ।
2. ਸਿੰਗਲ ਵੇਂਡਰ ਦੇ ਕੇਸ ਵਿੱਚ ਬੋਲੀਕਾਰ/ ਖਰੀਦਦਾਰ ਨੂੰ 3 ਕਰੋੜ ਰੁਪਏ ਤੱਕ ਦੀ ਸੰਪਤੀ ਵਾਸਤੇ ਘੱਟੋ ਘੱਟ 10,000 ਰੁਪਏ ਦੀ ਇੰਕਰੀਮੈਂਟ ਰਾਸ਼ੀ ਨਾਲ ਬੋਲੀ ਲਾਉਣੀ ਹੋਵੇਗੀ ਅਤੇ ਤਿੰਨ ਕਰੋੜ ਤੋਂ ਜਿਆਦਾ ਦੀ ਰਕਮ ਦੀ ਜਾਇਦਾਦ ਵਾਸਤੇ (ਸੰਪਤੀ ਰਾਖਵੀਂ ਕੀਮਤ (ਆਰਪੀ) ਬੋਲੀ ਇੰਕਰੀਮੈਂਟ ਰਾਸ਼ੀ ਰੁ. ਇੱਕ ਲੱਖ ਹੋਵੇਗੀ।
3. ਨੀਲਾਮੀ/ ਬੋਲੀ ਕੇਵਲ "ਆਨਲਾਈਨ ਇਲੈਕਟ੍ਰੋਨਿਕ ਮੋਡ" ਰਾਹੀਂ ਸਾਡੇ ਸਰਵਿਸ ਪ੍ਰੋਵਾਈਡਰ ਯਾਨੀ ਕਿ ਕੰਪਨੀ ਨੇਮ : ਸੀ 1 ਇੰਡੀਆ ਪ੍ਰਾਈਵੇਟ ਲਿਮਟਿਡ ਦਾ ਨਾਂਅ : **ਮਿ. ਧਾਰਾਨੀ ਕ੍ਰਿਸ਼ਨਾ, ਸੰਪਰਕ ਨੰ.9948182222** ਸਾਈਟ : **https://www.bankeauctions.com** ਦੀ ਵੈਬਸਾਈਟ 'ਤੇ ਹੋਵੇਗੀ।
4. ਉਪਰੋਕਤ ਸ਼ਡਿਊਲ ਵਿੱਚ ਸਕਿਊਰ ਸੰਪਤੀ ਦੇ ਢੁਕਵੇਂ ਵੇਰਵਿਆਂ ਨੂੰ ਸ਼ਾਮਲ ਕਰਨ ਲਈ ਧਿਆਨ ਰੱਖਿਆ ਗਿਆ ਹੈ। ਅਧਿਕਾਰਤ ਅਫਸਰ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਇਸ ਘੋਸ਼ਣਾ ਵਿੱਚ ਕਿਸੇ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ।
5. ਇਰਾਦਾਤਨ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬੋਲੀ ਜਮਾਂ ਕਰਨ ਤੋਂ ਪਹਿਲਾਂ ਈ-ਬੋਲੀ ਦੀਆਂ ਵਿਸਥਾਰਤ ਨਿਯਮ ਤੇ ਸ਼ਰਤਾਂ ਦੇਖਣ ਲਈ ਸਾਡੇ ਪੋਰਟਲ **https://www.bankeauctions.com** 'ਤੇ ਜਾਵੇ ਅਤੇ ਈ-ਬੋਲੀ ਦੀ ਵਿਕਰੀ ਦੀ ਕਾਰਵਾਈ ਵਿੱਚ ਹਿੱਸਾ ਲਵੇ ਅਤੇ ਉਪਰੋਕਤ ਜਿਕਰ ਕੀਤੀ ਸੰਬੰਧਤ ਪ੍ਰਾਪਰਟੀ ਲਈ ਸੰਬੰਧਤ ਅਧਿਕਾਰਤ ਅਫਸਰ ਨਾਲ ਸੰਪਰਕ ਕਰੇ।
6. ਵਿਕਰੀ ਰਿਜ਼ਰਵ ਕੀਮਤ ਤੋਂ ਇੱਕ ਵਾਧੇ ਤੋਂ ਸ਼ੁਰੂ ਹੋਵੇਗੀ ਅਤੇ ਬੋਲੀਕਾਰ ਉੱਪਰ ਦੱਸੀ ਗਈ ਘੱਟੋ-ਘੱਟ ਵਾਧੇ ਦੀ ਰਕਮ ਨਾਲ ਆਪਣੀ ਪੇਸ਼ਕਸ਼ ਵਿੱਚ ਸੁਧਾਰ ਕਰਕੇ ਆਪਸ ਵਿੱਚ ਬੋਲੀ ਲਗਾਉਣ ਲਈ ਸੁਤੰਤਰ ਹਨ।
7. **10 ਫੀਸਦੀ ਬਿਆਨਾ ਰਕਮ 23-11-2022, ਸ਼ਾਮ 4:00 ਵਜੇ ਤੋਂ ਪਹਿਲਾਂ ਨਿਰਧਾਰਤ ਸ਼ਾਖਾ ਵਿੱਚ "ਪੀਰਾਮਲ ਕੈਪੀਟਲ ਅਤੇ ਹਾਊਸਿੰਗ ਫਾਈਨਾਂਸ ਲਿਮਟਿਡ" ਜਾਂ ਪੀਸੀਐਚਐਫਐਲ ਦੇ ਹੱਕ ਵਿੱਚ ਪੂਰੀ ਤਰ੍ਹਾਂ ਭਰੇ ਗਏ ਬੋਲੀ ਫਾਰਮ ਅਤੇ ਸੀਲਬੰਦ ਬੋਲੀ, ਪੇਸ਼ਕਸ਼ ਨਿਰਧਾਰਤ ਟੈਂਡਰ ਫਾਰਮ ਵਿੱਚ ਸਮੇਤ ਕੇਵਾਈਸੀ ਜਮਾਂ ਹੋ ਜਾਣੇ ਚਾਹੀਦੇ ਹਨ।** 'ਏ' ਇਛੁੱਕ ਬੋਲੀਕਾਰ ਦਾ ਪਛਾਣ ਪੱਤਰ ਜਿਸ ਵਿੱਚ ਫੋਟੋ ਅਤੇ ਰਿਹਾਇਸ਼ੀ ਪਤਾ ਹੋਵੇ ਅਤੇ ਪੈਨ ਕਾਰਡ, ਭਾਰਤ ਸਰਕਾਰ ਦੁਆਰਾ ਜਾਰੀ ਦੀ ਸਵੈ ਤਸਦੀਕ ਫੋਟੋ ਕਾਪੀ, ਅਸਲੀ ਦਸਤਾਵੇਜ ਸੰਬੰਧਤ ਅਧਿਕਾਰਤ ਅਫਸਰ ਕੋਲ ਜਾਂਚ ਲਈ ਨਾਲ ਲੈਕੇ ਆਉਣੇ ਹਨ। 'ਬੀ' ਇਛੁੱਕ ਬੋਲੀਕਾਰ ਦਾ ਮੋਬਾਇਲ ਨੰ. ਤੇ ਈ-ਮੇਲ ਪਤਾ, 'ਸੀ' ਇਛੁੱਕ ਬੋਲੀਕਾਰ ਦੇ ਬੈਂਕ ਖਾਤੇ ਦਾ ਵੇਰਵਾ (ਈ.ਐਮ.ਡੀ.) ਰਿਫੰਡ ਹੋਣ ਦੀ ਸੂਰਤ ਵਿੱਚ।
8. ਇਛੁੱਕ ਬੋਲੀਕਾਰ ਜਿਨ੍ਹਾਂ ਨੂੰ ਲਾਗਿਨ ਆਈ.ਡੀ. ਅਤੇ ਪਾਸਵਰਡ ਬਣਾਉਣ ਲਈ, ਡਾਟਾ ਅਪਲੋਡ ਲਈ, ਬੋਲੀ ਜਮਾਂ ਕਰਨ ਲਈ, ਈ ਬੋਲੀ ਦੀ ਕਾਰਵਾਈ ਆਦਿ ਦੀ ਟ੍ਰੇਨਿੰਗ ਲਈ ਕਿਸੇ ਮੱਦਦ ਦੀ ਲੋੜ ਹੋਵੇ ਉਹ **ਮਿ. ਧਾਰਾਨੀ ਕ੍ਰਿਸ਼ਨਾ ਸੰਪਰਕ ਨੰ. 9948182222 ਹੈਲਪ ਲਈ ਈ-ਮੇਲ ਆਈਡੀ : https://www.bankeauctions.com ਨਾਲ ਸੰਪਰਕ ਕਰ ਸਕਦਾ ਹੈ ਅਤੇ ਸੰਪਤੀ ਨਾਲ ਸਬੰਧਤ ਕਿਸੇ ਸਬੰਧਤ ਜਾਣਕਾਰੀ ਲਈ ਪੀਸੀਐਚਐਫਐਲ ਦੇ ਅਧਿਕਾਰਤ ਅਫਸਰ ਪਰਵੀਨ ਯਾਦਵ-9914220078 ਨਾਲ ਕਿਸੇ ਕੰਮ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਸੰਪਰਕ ਕਰ ਸਕਦਾ ਹੈ।**
9. ਸਮਰਥ ਅਧਿਕਾਰ ਖੇਤਰ ਦੀ ਕਿਸੇ ਵੀ ਉੱਚ ਅਦਾਲਤ ਦੁਆਰਾ ਵਿਕਰੀ ਜਾਂ ਰਿਕਵਰੀ ਦੀ ਕਾਰਵਾਈ ਦੇ ਮਾਮਲੇ ਵਿੱਚ ਰੋਕ ਲੱਗਣ ਤੇ, ਅਜਿਹੇ ਹੁਕਮਾਂ ਦੀ ਪਾਲਣਾ ਕਰਨ ਲਈ ਬਿਨ੍ਹਾਂ ਕਿਸੇ ਅਗਾਊਂ ਨੋਟਿਸ ਦੇ ਨੀਲਾਮੀ ਮੁਲਤਵੀ ਜਾਂ ਰੱਦ ਕੀਤੀ ਜਾ ਸਕਦੀ ਹੈ ਅਤੇ ਬੋਲੀ ਵਿੱਚ ਹਿੱਸਾ ਲੈਣ ਵਾਲੇ ਵਿਅਕਤੀਆਂ ਨੂੰ ਅਜਿਹੇ ਮੁਲਤਵੀ ਲਈ ਹਰਜਾਨੇ, ਮੁਆਵਜੇ ਜਾਂ ਲਾਗਤ ਆਦਿ ਦਾ ਦਾਅਵਾ ਕਰਨ ਦਾ ਅਧਿਕਾਰ ਨਹੀਂ ਹੋਵੇਗੀ।
10. ਆਨਲਾਈਨ ਈ-ਬੋਲੀ ਵਿੱਚ ਹਿੱਸਾ ਲੈਣ ਲਈ ਕੇਵਲ ਉਨ੍ਹਾਂ ਬੋਲੀਕਾਰਾਂ ਨੂੰ ਇਜਾਜਤ ਦਿੱਤੀ ਜਾਵੇਗੀ ਜਿਨ੍ਹਾਂ ਕੋਲ ਵੈਧ, ਯੂਜਰ ਆਈ.ਡੀ. ਤੇ ਪਾਸਵਰਡ ਹੋਵੇਗਾ ਤੇ ਐਨਈਐਫਟੀ/ਆਰਟੀਜੀਐਸ ਰਾਹੀਂ ਈ.ਐਮ.ਡੀ. ਦੀ ਰਾਸ਼ੀ ਦੀ ਪੁਸ਼ਟੀ ਕੀਤੀ ਹੋਵੇਗੀ। ਅਧਿਕਾਰਤ ਅਫ਼ਸਰ ਕੋਲ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ। ਅਧਿਕਾਰਤ ਅਫਸਰ ਨੀਲਾਮੀ ਨੂੰ ਮੁਲਤਵੀ ਕਰਨ ਜਾਂ ਰੱਦ ਕਰਨ ਜਾਂ ਬੰਦ ਕਰਨ ਜਾਂ ਬਿਨ੍ਹਾਂ ਕੋਈ ਕਾਰਨ ਦੱਸੇ ਨੀਲਾਮੀ ਪ੍ਰਕਿਰਿਆ ਦੀ ਸਮਾਪਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਨੀਲਾਮੀ ਦੀਆਂ ਸ਼ਰਤਾਂ ਨੂੰ ਬਦਲਣ ਦਾ ਅਧਿਕਾਰ ਰਾਖਵਾਂ ਰੱਖਦਾ ਹੈ ਅਤੇ ਇਸ ਸਬੰਧ ਵਿੱਚ ਉਸਦਾ ਫੈਸਲਾ ਆਖਰੀ ਹੋਵੇਗਾ।
11. ਸਫਲ ਬੋਲੀਕਾਰ ਨੂੰ ਉਪਰੋਕਤ ਕਲਾਜ 7 ਵਿੱਚ ਨਿਰਧਾਰਤ ਉਸੇ ਮੋਡ ਵਿੱਚ, ਬੋਲੀ ਉਸਦੇ ਹੱਕ ਵਿੱਚ ਹੋਣ ਦੀ ਸੂਰਤ ਵਿੱਚ, ਖਰੀਦ ਰਾਸ਼ੀ ਦਾ 25 ਫੀਸਦੀ ਤੁਰੰਤ ਜਮਾਂ ਕਰਵਾਉਣਾ ਹੋਵੇਗਾ (ਪਹਿਲਾਂ ਹੀ ਜਮਾਂ ਕੀਤੀ ਬਿਆਨਾ ਰਕਮ ਸਮੇਤ) ਖਰੀਦ ਮੁੱਲ ਦਾ ਬਕਾਇਆ ਵਿੱਕਰੀ ਦੀ ਮਨਜ਼ੂਰੀ/ ਪੁਸ਼ਟੀ ਦੇ 15 ਦਿਨਾਂ ਦੇ ਅੰਦਰ ਉੱਪਰ ਨਿਰਧਾਰਤ ਕੀਤੇ ਮੋਡ ਵਿੱਚ ਅਦਾ ਕੀਤਾ ਜਾਣਾ ਹੈ। ਡਿਫਾਲਟ ਹੋਣ ਦੀ ਸੂਰਤ ਵਿੱਚ, ਉਸ ਸਮੇਂ ਤੱਕ ਜਮਾਂ ਕਰਵਾਈਆਂ ਸਾਰੀਆਂ ਰਕਮਾਂ ਸਮੇਤ ਬਿਆਜ ਰਕਮ ਜਬਤ ਕਰ ਲਈਆਂ ਜਾਣਗੀਆਂ।
12. ਬੋਲੀ ਰਾਸ਼ੀ ਦਾ ਸਿਰਫ 25 ਫੀਸਦੀ ਜਮਾਂ ਕਰਵਾਉਣਾ ਸਫਲ ਬੋਲੀਕਾਰ ਨੂੰ ਵਿਕਰੀ ਉਸਦੇ ਹੱਕ ਵਿੱਚ ਹੋਣ ਦੀ ਪੁਸ਼ਟੀ ਨਹੀਂ ਕਰਦਾ ਹੈ। ਵਿਕਰੀ ਈ ਬੋਲੀ ਦੀਆਂ ਸ਼ਰਤਾਂ ਤੇ ਨਿਯਮਾਂ ਅਨੁਸਾਰ ਹੋਵੇਗੀ। ਸੁਰੱਖਿਆ ਕ੍ਰੇਡਿਟਰ ਦੁਆਰਾ ਉਸਦੀ ਪੁਸ਼ਟੀ ਕੀਤੀ ਜਾਵੇਗੀ।
13. ਅਸਫਲ ਬੋਲੀਕਾਰ ਦੀ ਬਿਆਨ ਰਕਮ (ਬਿਨ੍ਹਾਂ ਕਿਸੇ ਵਿਆਜ ਦੇ) ਈ.ਬੋਲੀ ਦੀਆਂ ਵਿਕਰੀ ਪ੍ਰਕਿਰਿਆਵਾਂ ਬੰਦ ਹੋਣ ਦੇ ਤੀਜੇ ਦਿਨ ਆਰ.ਟੀ.ਜੀ.ਐਸ./ਐਨਈਐਫਟੀ ਰਾਹੀਂ ਵਾਪਸ ਕੀਤੀ ਜਾਵੇਗੀ।
14. ਈ-ਬੋਲੀ ਦੌਰਾਨ ਜੇਕਰ ਕੋਈ ਬੋਲੀ ਬੋਲੀ ਦਾ ਸਮਾਂ ਖਤਮ ਹੋਣ ਦੇ ਆਖਰੀ 5 ਮਿੰਟ ਦੌਰਾਨ ਲਗਾਈ ਜਾਂਦੀ ਹੈ ਤਾਂ ਬੋਲੀ ਖਤਮ ਹੋਣ ਦਾ ਆਖਰੀ ਸਮਾਂ ਆਪਦੇ ਆਪ 5 ਮਿੰਟ ਲਈ ਹੋਰ ਵੱਧ ਜਾਵੇਗਾ।
15. ਵਿਕਰੀ ਪੀਸੀਐਚਐਫ ਐਲ ਦੇ ਆਖਰੀ ਪੁਸ਼ਟੀ ਨਾਲ ਸਬੰਧਤ ਹੋਵੇਗੀ। ਜੇਕਰ ਕਰਜ਼ਦਾਰ / ਗਰੰਟਰ ਬੋਲੀ ਦੀ ਮਿਤੀ ਤੋਂ ਪਹਿਲਾਂ ਪੀਸੀਐਚਐਫਐਲ ਦਾ ਬਕਾਇਆ ਜਮਾਂ ਕਰਵਾ ਦਿੰਦਾ ਹੈ, ਤਾਂ ਪੀਸੀਐਚਐਫਐਲ ਦੇ ਸਮਝ ਅਨੁਸਾਰ ਬੋਲੀ ਵਿਕਰੀ ਰੱਦ ਕੀਤੀ ਜਾ ਸਕਦੀ ਹੈ। 16. ਸਾਰੇ ਕਾਨੂੰਨੀ ਬਕਾਏ/ ਅਟੈਂਡੈਂਟ ਖਰਚੇ/ ਹੋਰ ਬਕਾਏ ਆਦਿ ਰਜਿਸਟ੍ਰੇਸ਼ਨ ਚਾਰਜ, ਸਟੈਂਪ ਡਿਊਟੀ, ਟੈਕਸ ਆਦਿ ਖਰੀਦਦਾਰ ਨੂੰ ਕਰਨੇ ਪੈਣਗੇ।
17. ਵਿਕਰੀ ਸਰਟੀਫਿਕੇਟ ਉੱਚ ਬੋਲੀ ਵਾਲੇ ਸਫਲ ਬੋਲੀਕਾਰ ਨੂੰ ਜਾਰੀ ਕੀਤਾ ਜਾਵੇਗਾ ਅਤੇ ਉਸੇ ਨਾਂਅ ਉੱਤੇ ਜਾਰੀ ਕੀਤਾ ਜਾਵੇਗਾ ਜਿਸ ਨਾਮ 'ਤੇ ਬੋਲੀ ਜਮਾਂ ਕਰਵਾਈ ਗਈ ਸੀ।
18. ਸੰਪਤੀ ਦੀ ਵਿਕਰੀ "ਜਿੱਥੇ ਹੈ ਅਤੇ "ਜਿਵੇਂ ਹੈ" ਦੇ ਅਧਾਰ 'ਤੇ ਹੋਵੇਗੀ ਅਤੇ ਅਧਿਕਾਰਤ ਅਫਸਰ ਜਾਂ ਬੈਂਕ ਈ ਬੋਲੀ ਰਾਹੀਂ ਵੇਚੀਆਂ ਸੰਪਤੀਆਂ ਦੇ ਕਿਸੇ ਵੀ ਖਰਚੇ, ਅਧਿਕਾਰ, ਭਾਰ ਜਾਂ ਸਰਕਾਰ ਜਾਂ ਕਿਸੇ ਹੋਰ ਦੇ ਬਕਾਏ ਦੀ ਜਿੰਮੇਵਾਰ ਨਹੀਂ ਹੋਵੇਗਾ। ਇਛੁੱਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੀ.ਡੀ. ਟੈਕਸ, ਬਿਜਲੀ ਦੇ ਬਕਾਏ, ਕਾਨੂੰਨੀ ਦੇਣਦਾਰੀਆਂ ਦੇ ਬਕਾਏ ਸਮੇਤ ਜਾਇਦਾਦ ਨਾਲ ਸੰਬੰਧਤ ਭਾਰ ਦੇ ਨਤੀਜਿਆਂ ਅਤੇ ਹੋਰ ਮਾਲੀਆ ਰਿਕਾਰਡਾਂ ਬਾਰੇ ਆਪਣੀ ਖੁਦ ਦੀ ਸੁਤੰਤਰ ਪੁੱਛਗਿਛ ਕਰ ਲੈਣ ਅਤੇ ਇਸ ਸਬੰਧ ਵਿੱਚ ਬੋਲੀ ਜਮਾਂ ਹੋਣ ਤੋਂ ਪਹਿਲਾਂ ਖੁਦ ਨੂੰ ਸੰਤੁਸ਼ਟ ਕਰ ਲੈਣ।
19. ਉਪਰੋਕਤ ਜਾਇਦਾਦਾਂ ਦੇ ਨਿਰੀਖਣ ਲਈ ਸੰਭਾਵੀ ਬੋਲੀਕਾਰ 23-11-2022 ਤੋਂ ਪਹਿਲਾਂ ਕਿਸੇ ਵੀ ਕੰਮ ਵਾਲੇ ਦਿਨ 11 ਵਜੇ ਸਵੇਰੇ ਤੋਂ 3 ਵਜੇ ਦੁਪਹਿਰ ਬਾਅਦ ਤੱਕ ਸਬੰਧਤ ਬਰਾਂਚ ਮੈਨੇਜਰ ਜਾਂ ਅਧਿਕਾਰਤ ਅਫਸਰ ਜਾਂ ਇਸ ਸਬੰਧੀ ਨਿਰਧਾਰਤ ਕਿਸੇ ਹੋਰ ਅਫਸਰ ਨਾਲ ਮੁਲਾਕਾਤ ਦਾ ਸਮਾਂ ਲੈ ਕੇ ਵੇਖ ਸਕਦਾ ਹੈ।
20. ਪੀਐਚਸੀਐਫਐਲ ਬਿਨ੍ਹਾਂ ਕੋਈ ਕਾਰਨ ਦੱਸੇ ਵਿਕਰੀ ਲਈ ਪ੍ਰਾਪਤ ਸਾਰੀਆਂ ਜਾਂ ਕਿਸੇ ਬੋਲੀ ਨੂੰ ਲੈਣ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ।
21. ਜੇਕਰ ਅੰਗਰੇਜੀ ਸੰਸਕਰਨ ਅਤੇ ਹਿੰਦੀ ਸੰਸਕਰਨ ਵਿੱਚ ਕੋਈ ਅੰਤਰ ਪਾਇਆ ਜਾਂਦਾ ਹੈ ਤਾਂ ਅਜਿਹੇ ਕੇਸ ਵਿੱਚ ਵਿਆਖਿਆ ਲਈ ਇੰਗਲਿਸ਼ ਸੰਸਕਰਨ ਨੂੰ ਮੰਨਿਆ ਜਾਵੇਗਾ। ਬੋਲੀਕਾਰਾਂ ਦੇ ਆਪਣੇ ਹਿੱਤ ਵਿੱਚ ਬੋਲੀ ਨੂੰ ਆਖਰੀ ਮਿੰਟਾਂ ਜਾਂ ਸੈਕਿੰਟਾਂ ਫਾਈਨਲ ਕਰਨ ਤੋਂ ਪਰਹੇਜ ਕਰਨ ਲਈ ਕਿਹਾ ਜਾਂਦਾ ਹੈ। ਨਾ ਤਾਂ ਪੀਸੀਐਚਐਫਐਲ ਅਤੇ ਨਾ ਹੀ ਸਰਵਿਸ ਪ੍ਰੋਵਾਈਡਰ ਕਿਸੇ ਵੀ ਵਿਕਰੇਤਾ ਦੇ ਹਿੱਸੇ ਦੀ ਅਸਫਲਤਾ/ਲੈਪਸ (ਬਿਜਲੀ ਜਾਣ, ਇੰਟਰਨੈਟ ਨਾ ਚੱਲਣ ਆਦਿ) ਲਈ ਜਿੰਮੇਵਾਰ ਹੋਵੇਗਾ। ਅਜਿਹੀ ਸਥਿਤੀ ਨੂੰ ਰੋਕਣ ਲਈ ਬੋਲੀਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਾਰੇ ਲੋੜੀਂਦੇ ਪ੍ਰਬੰਧ/ ਵਿਕਲਪ ਜਿਵੇਂ ਕਿ ਬੈਕਅਪ ਪਾਵਰ ਸਪਲਾਈ ਆਦਿ ਲੋੜੀਂਦੇ ਉਪਰਾਲੇ ਕਰਨ ਤਾਂ ਜੋ ਅਜਿਹੀ ਸਥਿਤੀ ਨੂੰ ਰੋਕਣ ਦੇ ਯੋਗ ਹੋ ਸਕਣ। ਨੀਲਾਮੀ ਵਿੱਚ ਸਫਲਤਾਪੂਰਵਕ ਹਿੱਸਾ ਲੈ ਸਕਣ।
22. ਇਹ ਸਫਲ ਬੋਲੀਕਾਰ ਦੀ ਜਿੰਮੇਵਾਰੀ ਹੋਵੇਗੀ ਕਿ ਉਹ 194 1-ਏ ਦੇ ਤਹਿਤ ਜੇਕਰ 50 ਲੱਖ ਜਾਂ ਵੱਧ ਦੀ ਸਫਲ ਬੋਲੀ ਲਗਾਉਂਦਾ ਹੈ ਤਾਂ ਉਹ 1 ਫੀਸਦੀ ਦੀ ਦਰ ਨਾਲ ਟੀਡੀਐਸ ਕੱਟੇ/ ਟੀਡੀਐਸ ਆਨਲਾਈਨ 26ਕਿਊ ਬੀ ਫਾਰਮ ਰਾਹੀਂ ਭਰਿਆ ਜਾਣਾ ਚਾਹੀਦਾ ਹੈ ਅਤੇ 15 ਬੀ ਫਾਰਮ ਦੇ ਰੂਪ ਵਿੱਚ ਟੀਡੀਐਸ ਸਰਟੀਫਿਕੇਟ ਜਾਰੀ ਕੀਤਾ ਜਾਵੇ। ਖਰੀਦਦਾਰ ਨੂੰ ਈ-ਬੋਲੀ ਦੇ 15 ਦਿਨਾਂ ਦੇ ਅੰਦਰ ਅੰਦਰ ਸਰਕਾਰ ਨੂੰ ਇਨਕਮ ਟੈਕਸ ਜਮਾਂ ਕਰਵਾਉਣ ਦੇ ਸਬੂਤ ਪੇਸ਼ ਕਰਨੇ ਹੋਣਗੇ।

ਸਰਫੇਸੀ ਐਕਟ ਅਧੀਨ ਕਰਜ਼ਦਾਰ/ ਗਰੰਟਰ/ ਮੋਰਟਗੇਜਰ ਨੂੰ 15 ਦਿਨ ਦਾ ਕਾਨੂੰਨੀ ਵਿਕਰੀ ਨੋਟਿਸ

ਉਪਰੋਕਤ ਕਰਜ਼ਦਾਰਾਂ/ ਗਰੰਟਰਾਂ ਨੂੰ ਇਸ ਨੋਟਿਸ ਰਾਹੀਂ ਸੈਕਸ਼ਨ 13(2) ਵਿੱਚ ਜਿਕਰਯੋਗ ਰਕਮਾਂ ਬੋਲੀ ਦੀ ਮਿਤੀ ਤੋਂ ਪਹਿਲਾਂ ਵਿਆਜ ਸਮੇਤ ਜਮਾਂ ਕਰਵਾਉਣ ਲਈ ਕਿਹਾ ਜਾਂਦਾ ਹੈ, ਅਸਫਲ ਹੋਣ 'ਤੇ ਸੰਪਤੀ ਦੀ ਬੋਲੀ, ਵਿਕਰੀ ਕੀਤੀ ਜਾਵੇਗੀ ਅਤੇ ਬਕਾਇਆ ਰਕਮ ਸਮੇਤ ਵਿਆਜ ਜੇਕਰ ਕੋਈ ਹੋਣ ਤੇ ਹੋਰ ਖਰਚੇ ਕਰਜ਼ਦਾਰ/ ਗਰੰਟਰ ਤੋਂ ਵਸੂਲੇ ਜਾਣਗੇ।

ਮਿਤੀ : 03 ਨਵੰਬਰ 2022
ਸਥਾਨ : ਪੀਸੀਐਚ

ਸਹੀ/-
(ਅਧਿਕਾਰਤ ਅਫਸਰ)
ਪੀਰਾਮਲ ਕੈਪੀਟਲ ਐਂਡ ਹਾਊਸਿੰਗ ਫਾਈਨਾਂਸ ਲਿਮ.ਪੀਸੀਐਚਐਫਐਲ
(ਪਹਿਲਾਂ ਦੀ ਪਛਾਣ ਦੀਵਾਨ ਹਾਊਸਿੰਗ ਫਾਈਨਾਂਸ ਕਾਰਪੋਰੇਸ਼ਨ ਲਿਮ.ਡੀਐਚਐਫਐਲ)